# ਸਾਡਾ ਵਿਰਸਾ

(ਮੰਚ 'ਤੇ ਪਰਦਾ ਉੱਠਦਾ ਹੈ, ਤਾਂ ਪਿਛਲੇ ਚਿੱਟੇ ਪਰਦੇ ਦੇ ਸ਼ੈਡੋ ਵਿਚ ਇਕ ਖਜ਼ੂਰ ਦਾ ਦਰਖ਼ਤ ਦਿੱਸਦਾ ਹੈ ਤੇ ਨਾਲ ਹੀ ਚਾਰ ਪੰਜ ਬੰਦੇ ਇਕ ਤਕੀਏ ਦੀ ਸ਼ਕਲ ਵਿਚ ਬੈਠੇ ਹਨ। ਫਰੀਦ ਜੀ ਦੇ ਬੋਲ ਸਰੋਤਿਆਂ ਨੂੰ ਸੁਣਦੇ ਹਨ)

ਗੀਤਕਾਰ : ਬਿਰਹਾ ਬਿਰਹਾ ਆਖੀਐ, ਬਿਰਹਾ ਤੂੰ ਸੁਲਤਾਨ
ਫਰੀਦਾ ਜਿਤੁ ਤਨਿ ਬਿਰਹੁ ਨਾ ਉਪਜੈ ਸੋ ਤਨੁ ਜਾਣ ਮਸਾਣੁ ॥
ਕਾਂਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ।
ਏ ਦੁਇ ਨੈਨਾ ਮਤਿ ਛੂਹਉ, ਪਿਰ ਦੇਖਣ ਕੀ ਆਸ ॥
ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲੇਖ ਨਾ ਲੇਖੁ
ਆਪਣੜੇ ਗਿਰੀਵਾਨ ਮਹਿ, ਸਿਰੁ ਨੀਵਾਂ ਕਰ ਦੇਖੁ

*(ਸ਼ਲੋਕ ਖ਼ਤਮ ਹੋਣ 'ਤੇ ਫੇਰ ਸ਼ੈਡੋ ਉਜਲ ਹੋ ਜਾਂਦਾ ਹੈ)*

ਕਥਾਕਾਰ : ਪੰਜਾਬੀ ਸਾਹਿਤ ਦਾ ਵਿਰਸਾ ਇਕ ਅਮੀਰ ਵਿਰਸਾ ਹੈ, ਜਿਸ ਵਿਚ ਹਿਜ਼ਰਤ ਦੀ ਤੀਬਰਦਾ ਹੈ, ਖੁੱਲਾ ਪਿਆਰ ਹੈ ਅਤੇ ਜਬਰ ਦੇ ਵਿਰੁੱਧ ਆਵਾਜ਼ ਹੈ। ਤੀਬਰਤਾ ਵਿਚ ਸਾਡੀ ਸੂਫ਼ੀ ਕਵਿਤਾ ਦਾ ਕੋਈ ਸਾਨੀ ਨਹੀਂ। ਖੁਲੇ ਪਿਆਰ ਵਿਚ ਵਾਰਸ ਸ਼ਾਹ ਨੇ ਸਾਨੂੰ ਹੀਰ ਰਾਂਝੇ ਵਰਗੇ ਅਮਰ ਪਾਤਰ ਦਿੱਤੇ, ਪਿਆਰ ਦੀ ਤੀਬਰਤਾ ਅਤੇ ਬਿਰਹੋ ਦਾ ਸੋਹਜ ਹਾਸ਼ਮ ਦੀ ਸੱਸੀ, ਅਤੇ ਫ਼ਜਲ ਦੀ ਸੋਹਣੀ ਵਲੋਂ ਆਇਆ।

ਜਬਰ ਦੇ ਵਿਰੁੱਧ ਗੁਰੂ ਨਾਨਕ ਨੇ ਆਵਾਜ ਉਠਾਈ, ਗੁਰੂ ਗੋਬਿੰਦ ਸਿੰਘ ਨੇ ਤੇਗ ਚੁੱਕੀ। ਜਬਰ ਅੱਗੇ ਝੁੱਕਣਾ ਨਹੀਂ, ਇਸ ਵਿਰਸੇ ਨੇ ਸਾਡੇ ਹੁਣ ਦੇ ਇਤਿਹਾਸ ਨੂੰ ਗਦਰੀ ਬਾਬੇ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਵਰਗੇ ਸ਼ਹੀਦ ਦਿੱਤੇ। ਇਸ ਤੀਬਰਤਾ, ਪਿਆਰ ਅਤੇ ਅੰਸ ਦੀ ਕਵਿਤਾ ਸਾਡੇ ਸਾਹਿਤ ਦਾ ਵਿਰਸਾ ਹੈ, ਇਸ ਮਹਾਨ ਵਿਰਸੇ ਦੇ ਕੁਝ ਅੰਸ਼ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਵਲੋਂ ਇਕ ਤੁੱਛ ਭੇਟ ਦੇ ਰੂਪ ਵਿਚ ਆਪ ਜੀ ਦੇ ਅੱਗੇ ਪੇਸ਼ ਕੀਤੇ ਜਾਂਦੇ ਹਨ।

*(ਸੰਗੀਤ ਵਜਦਾ ਹੈ ਤੇ ਮਿੱਠੀ ਸੁਰ ਵਿਚ ਫਰੀਦ ਜੀ ਦੇ ਇਸ ਸ਼ਬਦ ਦੇ ਪਹਿਲੇ ਬੋਲ ਸੁਣਾਈ ਦੇਂਦੇ ਹਨ)*

ਗੀਤਕਾਰ : ਬੇੜਾ ਬੰਧ ਨਾ ਸਕਿਓ, ਬੰਧਨ ਕੀ ਵੇਲਾ।
ਭਰਿ ਸਰਵਰੁ ਜਬ ਊਛਲੇ, ਤਬ ਤਰੁਣ ਦੁਹੇਲਾ॥

ਕਥਾਕਾਰ: ਇਹ ਦੁਨੀਆਂ ਫਾਨੀ ਹੈ, ਜੇ ਇਸ ਵਿਚ ਕੋਈ ਸੱਚਾ ਪਿਆਰ ਹੈ ਤਾਂ ਉਹ ਅੱਲ੍ਹਾ ਨਾਲ ਪਿਆਰ ਹੈ। ਇਹ ਸੂਫ਼ੀ ਮੱਤ ਦਾ ਜ਼ਰੂਰੀ ਅੰਸ਼ ਹੈ। ਅੱਲ੍ਹਾ ਨੂੰ ਮਸ਼ੂਕ ਸਮਝ ਕੇ ਸੂਫ਼ੀ ਕਵੀਆਂ ਨੇ ਪੰਜਾਬੀ ਸਾਹਿਤ ਨੂੰ ਪਿਆਰ ਤੇ ਬਿਰਹੋ ਦੀ ਬੜੀ ਅਮੀਰ ਕਵਿਤਾ ਦਿੱਤੀ। ਫਰੀਦ, ਸ਼ਾਹ ਹੁਸੈਨ, ਬੁਲੇ ਸ਼ਾਹ ਤੇ ਸੁਲਤਾਨ ਬਾਹੂ ਪੰਜਾਬੀ ਕਵਿਤਾ ਦੇ ਉਸਰੀਏ ਹਨ। ਸ਼ੇਖ ਫਰੀਦ ਦੀ ਕਵਿਤਾ ਵਿਚੋਂ ਇਕ ਟੁੱਕੜਾ ਜੋ ਗੁਰੂ ਗ੍ਰੰਥ ਸਾਹਿਬ ਵਿਚ ਵੀ ਸ਼ਾਮਲ ਹੈ।

*(ਸ਼ੈਡੋ ਵਿਚ ਫੇਰ ਤਕੀਏ ਦਾ ਦ੍ਰਿਸ਼ ਹੈ ਤੇ ਸ਼ੇਖ ਫਰੀਦ ਜੀ ਦਾ ਇਹ ਸ਼ਬਦ ਬੋਲਿਆ ਜਾਂਦਾ ਹੈ)*

ਗੀਤਕਾਰ : ਬੇੜਾ ਬੰਧਿ ਨਾ ਸਕਿਓ, ਬੰਧਨ ਕੀ ਵੇਲਾ
ਭਰਿ ਸਰਵਰੁ ਜਬ ਉਛਲੇ, ਤਬ ਤਰੁਣ ਦੁਹੇਲਾ
ਹਥੁ ਨਾ ਲਾਇ ਕਸੁੰਭੜੇ, ਜਲਿ ਜਾਸੀ ਢੋਲਾ
ਇਕ ਆਪੀਨੈ ਪਤਲੀ, ਸਰ ਕੇਰੇ ਬੋਲਾ
ਦੁਧਾ ਥਣੰ ਨ ਆਵਈ, ਫਿਰਿ ਹੋਇ ਨਾਂ ਮੇਲਾ
ਕਹੈ ਫਰੀਦ ਸਹੇਲੀਓ ਹੈ, ਸਹੁ ਅਲਾਏਸੀ
ਹੰਸ ਚਲਸੀ ਡੁੰਮਣਾ, ਅਹਿਤਨ ਢੇਰੀ ਥੀਸੀ॥

ਕਥਾਕਾਰ: ਜਦੋਂ ਕੋਈ ਮਾਸ਼ੂਕ ਨੂੰ ਕਸੁੰਭੜਾ ਕਹਿੰਦਾ ਹੈ ਤਾਂ ਉਹ ਉਸ ਨੂੰ ਮਲੂਕ ਫੁੱਲ ਦੀ ਤੁਲਨਾ ਦੇਂਦਾ ਹੈ। ਫਰੀਦ ਨੇ ਆਪਣੇ ਮਾਸ਼ੂਕ ਨੂੰ ਤਾਂਘਿਆ, ਉਹਦੀ ਕਲਪਨਾ ਕੀਤੀ, ਪਰ ਸ਼ਾਹ ਹੁਸੈਨ ਮਾਸ਼ੂਕ ਦੇ ਬਿਰਹੋ ਵਿਚ ਤੜਪਿਆ।

ਦਰਦ ਵਿਛੋੜੇ ਦਾ ਹਾਲ ਨੀ ਮੈਂ ਕਿਨੂੰ ਆਖਾਂ।
ਸੂਲਾਂ ਮਾਰ ਦਿਵਾਨੀ ਕੀਤੀ ਨੀ ਮੈਂ ਕਿੰਨੂੰ ਆਖਾਂ॥

*(ਸਟੇਜ 'ਤੇ ਇਕ ਸਪਾਟ ਲਾਈਟ ਜਗਦੀ ਹੈ, ਉਹਦੇ ਥਲੇ ਖਲੋ ਕੇ ਕਲਾਕਾਰ ਕੁੜੀ ਸ਼ਾਹ ਹੁਸੈਨ ਦਾ ਇਹ ਗੀਤ ਬੋਲਦੀ ਹੈ)*

ਗੀਤਾਕਾਰ : ਦਰਦ ਵਿਛੋੜੇ ਦਾ ਹਾਲ ਨੀ ਮੈਂ ਕਿਨੂੰ ਆਖਾਂ।
ਸੂਲਾਂ ਮਾਰ ਦਿਵਾਨੀ ਕੀਤੀ ਬਿਰਹੋ ਪਿਆ ਸਾਡੇ ਖਿਆਲ ਨੀ ਮੈਂ ਕਿੰਨੂੰ ਆਖਾਂ ?
ਸੂਲਾਂ ਦੀ ਰੋਟੀ ਦੁਖਾਂ ਦਾ ਲਾਵਣ, ਹਡਾਂ ਦਾ ਬਾਲਣ ਬਾਲ ਨੀ ਮੈਂ ਕਿੰਨੂੰ ਆਖਾਂ ?
ਜੰਗਲ ਜੰਗਲ ਫਿਰਾਂ ਢੂਢੇਂਦੀ, ਅਜੇ ਨਾ ਮਿਲਿਆ ਮਹੀਵਾਲ

ਨੀ ਮੈਂ ਕਿੰਨੂੰ ਆਖਾਂ ?
ਰਾਂਝਣ ਰਾਂਝਣ ਫਿਰਾਂ ਢੂਢੇਂਦੀ, ਰਾਂਝਣ ਮੇਰੇ ਨਾਲ
ਨੀ ਮੈਂ ਕਿੰਨੂੰ ਆਖਾਂ ?
ਕਹੈ ਹੁਸੈਨ ਫਕੀਰ ਸਾਂਈ ਦਾ, ਵੇਖ ਨਿਮਾਣਿਆਂ ਦਾ ਹਾਲ
ਨੀ ਮੈਂ ਕਿੰਨੂੰ ਆਖਾਂ ?

*(ਗੀਤ ਖ਼ਤਮ ਹੋਣ 'ਤੇ ਸਪਾਟ ਲਾਈਟ ਬੰਦ ਹੋ ਜਾਂਦੀ ਹੈ)*

ਕਥਾਕਾਰ : ਇਸੇ ਵਿਰਸੇ ਵਿਚ ਪੰਜਾਬ ਦੀ ਮੁਟਿਆਰ ਆਪਣੇ ਸੱਜਣ ਦਾ ਬਿਰਹਾ ਇੰਜ ਗਾਉਂਦੀ ਹੈ।

ਪੂਰਾਂ ਚੰਨ ਅਸਮਾਨੀ ਚੜ੍ਹਿਆ,
ਆਪਣੇ ਚੰਨ ਨੂੰ ਭਾਲਾਂ।
ਸਿਖਰ ਦੁਪਿਹਰਾਂ ਵਰਗਾ ਜੋਬਨ,
ਰਾਤਾਂ ਕਾਲੀਆਂ ਵਿਚ ਪਈ ਗਾਲਾਂ।
ਬਿਰਹੋ ਰੋਗ ਨੇ ਅੱਗ ਜੋ ਲਾਈ,
ਹੱਡੀਆਂ ਦਾ ਬਾਲਣ ਬਾਲਾਂ।
ਇਕ ਵਾਰੀ ਆ ਸੱਜਣਾ,
ਤੈਨੂੰ ਦਿਲ ਦੀ ਡੱਬੀ ਵਿਚ ਪਾਲਾਂ।

ਕਥਾਕਾਰ : ਸ਼ਾਹ ਹੁਸੈਨ ਨੇ ਸੱਜਦ ਦੇ ਬਿਰਹੋ ਨੂੰ ਗਾਂਵਿਆ ਪਰ ਇਸ ਪਰੰਪਰਾ ਵਿਚ ਬੁੱਲੇ ਸ਼ਾਹ ਪਿਆਰ ਦੀ ਤੀਬਰਤਾ ਵਿਚ ਸਿਖਰਾਂ ਛੋਹ ਗਿਆ। ਜਦੋਂ ਉਹਨੇ ਆਪਣੇ ਆਪ ਨੂੰ ਆਪਣੇ ਰੱਬ ਵਿਚ ਸਮੋ ਲੈਣ ਲਈ ਲੋਚਿਆ।

ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ
ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

*(ਫੇਰ ਸਪਾਟ ਲਾਈਟ ਹੁੰਦੀ ਹੈ ਅਤੇ ਇਹ ਗੀਤ ਕਲਾਕਾਰ ਕੁੜੀ ਸ਼ੁਰੂ ਕਰਦੀ ਹੈ)*

ਗੀਤਕਾਰ :
ਰਾਂਝਾ ਰਾਂਝਾ ਕਰਦੀ ਨੀ, ਮੇਂ ਆਪੇ ਰਾਂਝਾ ਹੋਈ
ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।
ਰਾਂਝਾ ਮੈਂ ਵਿਚ, ਮੈ ਰਾਂਝੇ ਵਿਚ, ਹੋਰ ਖਿਆਲ ਨਾ ਕੋਈ
ਮੈਂ ਨਹੀਂ ਉਹ ਆਪੇ ਹੈ, ਆਪਣੀ ਆਪ ਕਰੇ ਦਿਲਜੋਈ
ਰਾਂਝਾ ਰਾਂਝਾ ਕਰਦੀ ਨੀਂ ਮੈਂ...।
ਹੱਥ ਖੂੰਡੀ ਮੇਰੇ ਅੱਗੇ ਮੰਗੂ, ਮੋਢੇ ਭੂਰੀ ਲੋਈ
ਬੁਲਾ ਹੀਰ ਸਲੇਟੀ ਵੇਖੋ, ਕਿਥੇ ਜਾ ਖਲੋਈ
ਰਾਂਝਾ ਰਾਂਝਾ ਕਰਦੀ ਨੀਂ ਮੈਂ...।

ਕਥਾਕਾਰ : ਪਿਆਰ ਦੀ ਇਹ ਤੀਬਰਤਾ ਜਦੋਂ ਜਨ ਸਾਧਾਰਨ ਵਿਚ ਆਉਂਦੀ ਹੈ ਤਾਂ ਪੰਜਾਬੀ ਮੁਟਿਆਰ ਆਪ ਮੁਹਾਰੇ ਬੋਲ ਉਠਦੀ ਹੈ। ਤੈਨੂੰ ਵੇਖਿਆਂ ਸਬਰ ਨਾ ਆਵੇ, ਯਾਰਾ ਤੇਰਾ ਘੁੱਟ ਭਰ ਲਾਂ। ਆਪਣੇ ਇਸ਼ਕ ਨਾਲ ਇਕ ਮਿਕ ਹੋਣਾ ਹੀ ਤਾਂ ਸਿਖਰ ਦੀ ਪ੍ਰਾਪਤੀ ਹੈ। ਜਿਸ ਦੀ ਮਿਸਾਲ ਅਣਗਣਿਤ ਪੰਜਾਬੀ ਬੋਲੀਆਂ ਵਿਚ ਮਿਲਦੀ ਹੈ, ਜਿਸ ਵਿਚੋਂ ਕੁਝ ਹਨ:

*(ਸਪਾਟ ਲਾਈਟ ਹੁੰਦੀ ਹੈ ਤੇ ਦੋ ਕੁੜੀਆਂ ਕਲਾਕਾਰ ਇਹ ਬੋਲੀਆਂ ਬੋਲਦੀਆਂ ਹਨ।)*

ਗੀਤਕਾਰ :

ਤੈਨੂੰ ਤਾਪ ਚੜੇ ਮੈਂ ਹੂੰਗਾ।
ਤੇਰੀ ਮੇਰੀ ਇਕ ਜਿੰਦੜੀ॥
ਤੇਰੀ ਸੱਜਰੀ ਪੈੜ ਦਾ ਰੇਤਾ।
ਚੁੱਕ ਚੁੱਕ ਲਾਵਾਂ ਹਿੱਕ ਨੂੰ॥
ਤੇਰੇ ਪਾਣੀ ਦੇ ਗਿਲਾਸ ਵਿਚ ਮਿੱਤਰਾ।
ਘੁਲ ਜਾਵਾਂ ਖੰਡ ਬਣ ਕੇ॥
ਮੈਂ ਡਰਦੀ ਸੁਰਮਾ ਨਾ ਪਾਵਾਂ।
ਅੱਖਾਂ ਵਿਚ ਮਾਹੀ ਵਸਦਾ॥
ਸਾਨੂੰ ਸੱਜਣਾ ਦੇ ਬਾਝ ਹਨੇਰਾ।
ਚੰਨ ਭਾਵੇਂ ਨਿੱਤ ਚੜ੍ਹਦਾ॥
ਕੁਲੀ ਯਾਰ ਦੀ ਸਵਰਗ ਦਾ ਝੂਟਾ।
ਅੱਗ ਲਾਵਾਂ ਮੰਦਰਾਂ ਨੂੰ॥

ਕਥਾਕਾਰ: ਕੁਲੀ ਯਾਰ ਦੀ ਸਵਰਗ ਦਾ ਝੂਟਾ, ਅੱਗ ਲਾਵਾਂ ਮੰਦਰਾਂ ਨੂੰ॥ ਇਸ ਲੋਕ ਪ੍ਰੰਪਰਾ ਵਿਚ ਹੀ ਪੰਜਾਬ ਦੇ ਮਹਾਨ ਸਪੂਤ ਗੁਰੂ ਗੋਬਿੰਦ ਸਿੰਘ ਨੇ ਪੰਜਾਬੀ ਸਾਹਿਤ ਨੂੰ ਇਕ ਅਮਰ ਰਚਨਾ ਦਿੱਤੀ ਸੀ।

ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ

*(ਸਪਾਟ ਲਾਈਟ ਹੁੰਦੀ ਹੈ ਤੇ ਕਲਾਕਾਰ ਕੁੜੀ ਇਹ ਸ਼ਬਦ ਬੋਲਦੀ ਹੈ)*

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ
ਤੁਧ ਬਿਨ ਰੋਗ ਰਜਾਈਆਂ ਦਾ ਓਡਣ
ਨਾਗ ਨਿਵਾਸਾਂ ਦੇ ਰਹਿਣ...
ਸੂਲ ਸੁਰਾਹੀ ਖੰਜਰ ਪਿਆਲਾ,

ਬਿੰਗ ਕਸਾਈਆਂ ਦਾ ਸਹਿਣਾ...,
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣ...

## ਭਾਗ ਦੂਜਾ

ਕਥਾਕਾਰ : ਪਿਆਰ ਦੀ ਤੀਬਰਤਾ ਅਤੇ ਬਿਰਹੋ ਦੀ ਪੰਜਾਬੀ ਕਵਿਤਾ ਨੂੰ ਜਿਥੇ ਸੂਫ਼ੀ ਕਵੀਆਂ ਨੇ ਅਨੇਕਾਂ ਹੀ ਅਲੰਕਾਰਾਂ ਨਾਲ ਅਮੀਰ ਕੀਤਾ, ਉਥੇ ਖੁੱਲੇ ਪਿਆਰ ਨੂੰ ਲੋਕ ਗਾਥਾਵਾਂ ਦੇ ਰੂਪ ਵਿਚ ਪੰਦਰਵੀਂ ਸਦੀ ਤੋਂ ਲੈ ਕੇ ਉਨੀਵੀਂ ਸਦੀ ਤਕ ਸਾਡੇ ਪ੍ਰਮੁੱਖ ਕਵੀਆਂ ਦਮੋਦਰ, ਵਾਰਸ, ਪੀਲੂ, ਹਾਫ਼ਜ਼ ਬਰਖੁਰਦਾਰ, ਫਜ਼ਲ, ਹਾਸ਼ਿਮ ਆਦਿ ਨੇ ਖੁੱਲ ਕੇ ਗਾਵਿਆਂ ਤੇ ਪੰਜਾਬੀ ਸਾਹਿਤ ਨੂੰ ਹੀਰ ਰਾਂਝੇ, ਸੋਹਣੀ ਮਹੀਵਾਲ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਵਰਗੇ ਅਮੀਰ ਪਾਤਰ ਦਿੱਤੇ। ਇਨਾਂ ਲੋਕ ਗਾਥਾਵਾਂ ਦੇ ਅੰਸ਼ ਤੁਸੀਂ ਦੇਖੋ।

ਰਾਂਝੇ ਨੂੰ ਭਾਬੀਆਂ ਬੋਲੀਆਂ ਮਾਰਦੀਆਂ ਹਨ ਕਿ ਤੈਨੂੰ ਜੇ ਆਪਣੇ ਹੁਸਨ ਤੇ ਜਵਾਨੀ ’ਤੇ ਏਨਾ ਹੀ ਮਾਣ ਹੈ ਤਾਂ ਜਾ, ਜਾ ਕੇ ਸਿਆਲਾਂ ਦੀ ਹੀਰ ਨੂੰ ਵਿਆਹ ਲਿਆ। ਭਾਬੀਆਂ ਦੇ ਮਿਹਣੇ ਸੁਣ ਕੇ ਰਾਂਝਾ ਘਰੋਂ ਤੁਰ ਪਾਂਦਾ ਹੈ, ਪੱਲੇ ਉਹਦੇ ਪੈਸਾ ਨਹੀਂ ਪਰ ਲੁੱਡਣ ਮਲਾਹ ਦੇਤਰਲੇ ਮਿੰਨਤਾ ਕਰਕੇ ਝਨਾ ਪਾਰ ਹੀਰ ਦੇ ਦੇਸ਼ ਸਿਆਲਾਂ ਵਿਚ ਆ ਜਾਂਦਾ ਹੈ, ਥੱਕਿਆ ਟੁੱਟਿਆ ਉਹ ਝਨਾਂ ਦੇ ਕੰਢੇ ਪਲੰਘ ਵਿਛਿਆ ਦੇਖ ਕੇ ਉਹਦੇ ’ਤੇ ਸੌਂ ਜਾਂਦਾ ਹੈ। ਉਹ ਪਲੰਘ ਮਾਣ ਮਤੀ ਹੀਰ ਦਾ ਹੈ। ਹੀਰ ਦੀਆਂ ਸਹੇਲੀਆਂ ਹੀਰ ਨੂੰ ਜਾ ਕੇ ਦਸਦੀਆਂ ਹਨ ਕਿ ਕੋਈ ਗੱਭਰੂ ਉਹਦੇ ਪਲੰਘ ’ਤੇ ਆ ਸੁੱਤਾ ਹੈ। ਹੀਰ ਜਿਸ ਨੂੰ ਆਪਣੀ ਜਵਾਨੀ ਤੇ ਮਾਣ ਏ ਆਪਣੇ ਸੁਹੱਪਣ ’ਤੇ ਮਾਣ ਏ, ਛਮਕ ਚੁਕ ਕੇ ਘਰੋਂ ਤੁਰ ਪੈਂਦੀ ਏ, ਇਹ ਦੇਖਣ ਲਈ ਕਿ ਉਹ ਕਿਹੜਾ ਏ ਜਿੰਨੇ ਇਹ ਵੱਡੀ ਗੁਸਤਾਖੀ ਕੀਤੀ ਏ। ਤੇ ਇਸ ਤਰ੍ਹਾਂ ਉਹਦੀ ਰਾਂਝੇ ਨਾਲ ਪਹਿਲੀ ਮੁਲਾਕਾਤ ਹੁੰਦੀ ਹੈ।

*(ਸਟੇਜ ’ਤੇ ਨਿੰਮੀ ਜਹੀ ਨੀਲੀ ਰੌਸ਼ਨੀ ਹੁੰਦੀ ਹੈ, ਰਾਂਝਾ ਪਲੰਘ ’ਤੇ ਸੁੱਤਾ ਹੈ। ਦਰਸ਼ਕਾਂ ਨੂੰ ਇਹ ਦ੍ਰਿਸ਼ ਸਿਲਟ ਵਿਚ ਦਿਸਦਾ ਹੈ। ਕਿਉਂਕਿ ਰੋਸ਼ਨੀ ਸ਼ੈਡੋ ਵਾਲੇ ਪਰਦੇ ਦੇ ਪਿਛੇ ਹੈ। ਹੀਰ ਛਮਕ ਚਕ ਕੇ ਆਉਂਦੀ ਹੈ ਤੇ ਇਸ਼ਾਰਿਆਂ ਨਾਲ ਅਭਿਨੇ ਹੁੰਦਾ ਹੈ। ਜਦੋਂ ਕਿ ਪਿਛੋਕੜ ਹੀਰ ਦਾ ਤਰਜ ਤੇ ਇਹ ਬੰਦ ਬੋਲਿਆ ਜਾਂਦਾ ਹੈ।)*

ਗੀਤਕਾਰ : ਕੂਕਾਂ ਮਾਰ ਹੀ ਮਾਰ ਕੇ ਮਾਰ ਛਮਕਾਂ
ਪਰੀ ਆਦਮੀ ਤੇ ਕਹਿਰਵਾਨ ਹੋਈ।
ਰਾਂਝੇ ਉਠ ਕੇ ਆਖਿਆ ਵਾਹ ਸੱਜਣ
ਹੀਰ ਹੱਸ ਕੇ ਤੇ ਮੇਹਰਬਾਨ ਹੋਈ।
ਸੂਰਤ ਯੂਸਫ਼ ਦੀ ਵੇਖ ਕੇ ਮੂਸ ਬੇਟੀ
ਸਨੇ ਮਾਲਕੀ ਬਹੁਤ ਹੈਰਾਨ ਹੋਈ।
ਨੈਣ ਮਸਤ ਕਲੇਜੜੇ ਵਿਚ ਧਾਏ
ਹੀਰ ਘੋਲ ਘੱਤੀ ਕੁਰਬਾਨ ਹੋਈ।
ਵਾਰਸ਼ ਸ਼ਾਹ ਨਾ ਥਾਉ ਦਮ ਮਾਰਨੇ ਦੀ
ਚਾਰੇ ਚਸ਼ਮਾਂ ਦੀ ਜਦੋ ਘਮਸ਼ਾਨ ਹੋਈ।

*(ਸਟੇਜ 'ਤੇ ਫੇਰ ਹਨੇਰਾ ਹੁੰਦਾ ਹੈ।)*

ਕਥਾਕਾਰ : ਚਾਰ ਚਸ਼ਮਾਂ ਦੀ ਪਹਿਲੀ ਘਮਸਾਨ ਵਿਚ ਹੀ ਹੀਰ ਰਾਂਝੇ ਦੀ ਹੋ ਗਈ ਤੇ ਰਾਂਝਾ ਹੀਰ ਦਾ। ਹੀਰ ਆਪਣੇ ਬਾਬਲ ਅੱਗੇ ਜਾ ਅਰਜ਼ ਕਰਦੀ ਹੈ ਕਿ ਬਾਬਲਾ ਮੈਂ ਤੈਨੂੰ ਕਦੀ ਕੋਈ ਗਲ ਨਹੀਂ ਆਖੀ ਮੇਰੀ ਅਰਜ਼ ਮੰਨ ਲੈ ਤੇ ਰਾਂਝੇ ਨੂੰ ਮੱਝੀਆਂ ਚਾਰਨ ਲਈ ਚਾਕ ਰੱਖ ਲੈ। ਉਹਦੀ ਵੰਝਲੀ ਵਿਚ ਇਕ ਜਾਦੂ ਹੈ, ਜਿਸ ਦੀ ਆਵਾਜ਼ ਨਾਲ ਪਸ਼ੂ ਆਪਣੇ ਆਪ ਉਹਦੇ ਵਲ ਖਿੱਚੇ ਆਉਂਦੇ ਹਨ। ਆਪਣੀ ਲਾਡਲੀ ਧੀ ਦੀ ਗਲ ਮੰਨ ਕੇ ਚੂਚਕ ਵੰਝਲੀ ਦੇ ਜਾਦੂਗਰ ਰਾਂਝੇ ਨੂੰ ਮੱਝੀਆਂ ਦਾ ਚਾਕ ਰੱਖ ਲੈਂਦਾ ਹੈ। ਬੇਲਿਆਂ ਵਿਚ ਹੀਰ ਰੋਜ਼ ਉਹਦੇ ਲਈ ਭੱਤਾ ਲੈ ਕੇ ਜਾਂਦੀ ਹੈ, ਅੰਮੀ ਜੇਕਰ ਸੁਕੀਆਂ ਰੋਟੀਆਂ ਵੀ ਦੇਵੇ ਤਾਂ ਉਹ ਚੋਰੀ ਮੱਖਣ ਚੁੱਕ ਕੇ ਉਹਦੀ ਲਈ ਚੂਰੀ ਲਿਜਾਂਦੀ ਹੈ, ਮੱਖਣਾਂ ਦੀ ਚੂਰੀ, ਪਿਆਰ ਦੀ ਚੂਰੀ।

*(ਵੰਝਲੀ ਵਜਦੀ ਹੈ ਤੇ ਫਿਰ ਸਿਲਟ ਰੋਸ਼ਨੀ ਵਿਚ ਰਾਂਝਾ ਬੇਲਿਆਂ ਵਿਚ ਬੈਠਾ ਹੀਰ ਦੀ ਉਡੀਕ ਕਰ ਰਿਹਾ ਹੈ।) ਹੀਰ ਦੀ ਚਲੰਤ ਲੈਅ ਵਿਚ ਹੋਰ ਇਕ ਨਿਕਾ ਜਿਹਾ ਨਾਟਕ ਪੂਰੀ ਤਰ੍ਹਾਂ ਮੂਡ ਵਿਚ। ਪਾਤਰਾਂ ਵਲੋਂ ਹੁੰਦਾ ਹੈ।*

ਗੀਤਕਾਰ : ਹੀਰ ਚਾ ਭੱਤਾ ਖੰਡ ਖੀਰ ਮੱਖਣ
ਰਾਂਝੇ ਦੇ ਪਾਸ ਲੈ ਧਾਵਦੀ ਏ।
ਤੇਰੇ ਵਾਸਤੇ ਜੂਹ ਮੈਂ ਭਾਲ ਥੱਕੀ
ਰੋ ਰੋ ਆਪਣਾ ਹਾਲ ਦਿਖਾਵਦੀਏ।

ਕਥਾਕਾਰ : ਪਿਆਰ ਦੀਆਂ ਪੀਂਘਾਂ ਅਰਸ਼ੀ ਚੜਦੀਆਂ ਹਨ ਪਰ ਪਿਆਰ ਦੇ ਦੁਸ਼ਮਣ ਹਰ ਯੁੱਗ ਵਿਚ ਹੋਏ ਹਨ। ਕੈਦੋਂ ਲੰਗੇ ਨੂੰ ਪਤਾ ਲਗਦਾ

ਹੈ ਤਾਂ ਉਹ ਮੁਖਬਰੀ ਕਰਨ ਆਉਂਦਾ ਹੈ।

*(ਕੈਦੋ ਮੰਚ ਤੇ ਇਕ ਸਪਾਟ ਲਾਈਟ ਥੱਲੇ ਨਜ਼ਰ ਆਂਦਾ ਹੈ)*

ਗੀਤਕਾਰ : ਕੈਦੋ ਢੂੰਡਦਾ ਖੋਜ ਨੂੰ ਫਿਰੇ ਭੌਂਦਾ
ਬਾਸ ਚੂਰੀ ਨਾ ਬੇਲਿਓ ਆਂਵਦੀ ਏ।
ਵਾਰਸ਼ ਸ਼ਾਹ ਮੀਆਂ ਵੇਖੋ ਟੰਗ ਲੰਗੀ
ਸੈਤਾਨ ਦੀ ਕਲਾ ਜਗਾਂਵਦੀ ਏ।

ਕਥਾਕਾਰ : ਕੈਦੋ ਜਿਹਦੀ ਲੱਤ ਲੰਗੀ
ਜਿਸ ਦੀ ਸੋਚ ਲੰਗੀ
ਜਿਸਦੀ ਨੀਤ ਲੰਗੀ,
ਜਿਸਦੀ ਰੀਤ ਲੰਗੀ
ਫੇਰ ਸ਼ੈਤਾਨ ਦੀ ਕਲਾ ਜਗਾਵਦੀ ਹੈ।

ਗੀਤਕਾਰ : ਹੀਰ ਗਈ ਜਾਂ ਨਦੀ ਵੱਲ ਲੈਣ ਪਾਣੀ
ਕੈਦੋ ਆ ਕੇ ਭੁੱਖ ਵਿਖਾਉਂਦਾ ਏ।
ਸਾਨੂੰ ਭੁੱਖ ਨੇ ਬਹੁਤ ਹੈਰਾਨ ਕੀਤੇ
ਆਨ ਸਵਾਲ ਖੁਦਾਇ ਦਾ ਪਾਉਂਦਾ ਏ।
ਰਾਂਝੇ ਰੁਗ ਭਰ ਕੇ ਦਿੱਤੀ ਜਾ ਚੂਰੀ ਲੈ ਕੇ
ਤੁਰੰਤ ਹੀ ਪਿੰਡ ਨੂੰ ਧਾਉਂਦਾ ਏ।
ਰਾਂਝਾ ਹੀਰ ਨੂੰ ਪੁੱਛਦਾ ਇਹ ਲੰਗਾ ਹੀਰੇ
ਕੌਣ ਫਕੀਰ ਕਿਸ ਥਾਂਉਂਦਾ ਏ।
ਵਾਰਸ਼ ਸ਼ਾਹ ਜਿਵੇਂ ਪੱਛ ਕੇ ਤੇ
ਕੋਈ ਉਪਰੋ ਲੂਣ ਚਾ ਲਾਉਂਦਾ ਏ।

ਕਥਾਕਾਰ : ਹੀਰ ਕੈਦੋ ਦੇ ਕੰਮ ਬਾਰੇ ਰਾਂਝੇ ਨੂੰ
ਪੂਰੀ ਵਾਕਫ਼ੀਅਤ ਦੇਂਦੀ ਹੈ।

ਗੀਤਕਾਰ : ਹੀਰ ਆਖਿਆ ਰਾਂਝਿਆ ਬੁਰਾ ਕੀਤੇ
ਸਾਡਾ ਕੰਮ ਹੈ ਨਾਲ ਵੈਰਾਈਆਂ ਦੇ।
ਸਾਡੀ ਖੋਜ ਕਰ ਕਰਕੇ ਕਰੇ ਚੁਗਲੀ
ਦਿਨੇ ਰਾਤ ਹੈ ਵਿਚ ਬੁਰਾਈਆਂ ਦੇ।
ਮਿਲੇ ਸਿਰਾਂ ਨੂੰ ਇਹ ਵਿਛੋੜ ਦੇਂਦਾ
ਭੰਗ ਘੱਤਦਾ ਵਿਚ ਕੁੜਮਾਈਆਂ ਦੇ।
ਬਾਬਲ ਅੰਬੜੀ ਤੇ ਜਾ ਠਿਠ ਕਰਸੀ
ਜਾ ਆਖਸੀ ਪਾਸ ਭਰਜਾਈਆਂ ਦੇ।

*(ਫੇਰ ਹਨੇਰਾ ਹੁੰਦਾ ਹੈ)*

ਕਥਾਕਾਰ : ਹੀਰ ਜੱਟੀ ਕੈਦੋ ਦੇ ਮਗਰ ਜਾਂਦੀ ਹੈ ਤੇ ਉਹਦੇ ਕੋਲੋਂ ਚੂਰੀ ਖੋਹ ਲੈਂਦੀ ਹੈ। ਕੈਦੋਂ ਜਾ ਘਰ ਚੁਗਲੀ ਕਰਦਾ ਹੈ, ਬਾਬਲ ਤੇ ਅੰਮੀ ਸਿਰ ਜੋੜਦੇ ਹਨ। ਜਵਾਨ ਧੀ ਦੇ ਮਾਪਿਆਂ ਦੀ ਸੱਦਾ ਇਹ ਮਜ਼ਬੂਰੀ ਹੁੰਦੀ ਹੈ ਕਿ ਉਹ ਆਪਣੀ ਧੀ ਦੇ ਪਿਆਰ ਨੂੰ ਨਹੀਂ ਸਮਝਦੇ। ਕੈਦੋਂ ਆਪਣੀ ਚਾਲ ਵਿਚ ਸਫ਼ਲ ਹੁੰਦਾ ਹੈ ਤੇ ਹੀਰ ਖੇੜਿਆਂ ਦੇ ਵਿਆਹ ਦਿੱਤੀ ਜਾਂਦੀ ਹੈ। ਸਮਾਜ ਵਿਚ ਔਰਤ ਬੇਵੱਸ ਹੈ, ਇਸ ਬੇਵਸੀ ਨੂੰ ਵਾਰਸ ਹੀਰ ਦੀ ਜ਼ਬਾਨੀ ਇਸ ਤਰ੍ਹਾਂ ਦਸਦਾ ਹੈ।

*(ਹੀਰ ਮੰਦੇ ਹਾਲ ਸ਼ੈਡੋ ਵਿਚ ਦਿਸਦੀ ਹੈ)*

ਗੀਤਕਾਰ :

ਲੈ ਵੇ ਰਾਂਝਿਆਂ ਵਾਹ ਮੈਂ ਲਾ ਥੱਕੀ
ਸਾਡੇ ਵੱਸ ਦੀ ਗਲ ਬੇਵਸ ਹੋਈ।
ਕਾਜ਼ੀ ਮਾਪਿਆ ਜਾਲਮਾਂ ਬੰਨ ਤੋਰੀ
ਸਾਡੀ ਤੈਡੜੀ ਦੋਸਤੀ ਬਸ ਹੋਈ।
ਘਰ ਖੇੜਿਆਂ ਦੇ ਨਹੀਂ ਵਸਣਾ
ਸਾਡੇ ਇਹਨਾਂ ਦੇ ਨਾਲ ਖਰਖਸ ਹੋਈ
ਜਾਂ ਜੀਵਾਂਗੀ ਮਿਲਾਂਗੀ ਰੱਬ ਮੇਲੇ
ਹਾਲ ਸਾਲ ਤਾਂ ਦੋਸਤੀ ਬਸ ਹੋਈ।

*(ਸਟੇਜ ਤੇ ਫੇਰ ਹਨੇਰਾ ਹੁੰਦਾ ਹੈ)*

ਕਥਾਕਾਰ : ਵਾਰਸ ਨੇ ਹੀਰ ਰਾਂਝੇ ਦੇ ਪਿਆਰ ਨੂੰ ਇਕ ਅਮਰ ਕਵਿਤਾ ਵਿਚ ਰੂਪਮਾਨ ਕੀਤਾ। ਇਸ਼ਕ ਦੇ ਤੁਠਿਆਂ ਦੀ ਮਹਾਨ ਕੁਰਬਾਨੀ ਨੂੰ ਰੂਪਮਾਨ ਕਰਨ ਦਾ ਸਿਹਰਾ ਫੇਰ ਫ਼ਜ਼ਲ ਨੂੰ ਜਾਂਦਾ ਹੈ, ਜਿਹਨੇ ਸਹੋਣੀ ਮਹੀਵਾਲ ਦਾ ਕਿੱਸਾ ਕਾਵਿ ਲਿਖਿਆ। ਸੋਹਣੀ ਪਾਰ ਦਰਿਆ ਦੇ ਵਿਆਹੀ ਜਾਂਦੀ ਹੈ, ਮਹੀਵਾਲ ਦਾ ਡੇਰਾ ਉਰਲੇ ਕੰਢੇ 'ਤੇ ਹੈ, ਉਹ ਰੋਜ਼ ਰਾਤ ਨੂੰ ਦਰਿਆ ਦੇ ਪਾਰ ਸੋਹਣੀ ਨੂੰ ਮਿਲਣ ਜਾਂਦਾ ਹੈ ਤੇ ਆਪਣੈ ਨਾਲ ਸੋਹਣੀ ਲਈ ਮੱਛੀ ਜਾਂ ਸ਼ਿਕਾਰ ਦਾ ਕਬਾਬ ਬਣਾ ਕੇ ਲੈ ਜਾਂਦਾ ਹੈ। ਪਰ ਇਕ ਦਿਨ ਐਸਾ ਆਉਂਦਾ ਹੈ ਜਦੋਂ ਹਨੇਰੀ ਤੇ ਤੂਫ਼ਾਨ ਕਰਕੇ ਨਾ ਹੀ ਉਹ ਕੋਈ ਮੱਛੀ ਫੜ ਸਕਦਾ ਹੈ ਤੇ ਨਾ ਹੀ ਕੋਈ ਸ਼ਿਕਾਰ ਮਾਰ ਸਕਦਾ ਹੈ, ਆਪਣੇ ਯਾਰ ਨੂੰ ਖਾਲੀ ਹੱਥ ਕਿਸ ਤਰ੍ਹਾਂ ਮਿਲਣ ਜਾਏ। ਫ਼ਜਲ ਮਹੀਵਾਲ ਦੀ ਮਜ਼ਬੂਰੀ ਇਸ ਤਰ੍ਹਾਂ ਬਿਆਨ ਕਰਦਾ ਹੈ।

ਇਕ ਰੋਜ਼ ਰਜ਼ਾ ਥੀ ਅੰਬਰ ਬਣਿਆ
ਲੱਥਾ ਮੀਂਹ ਪਹਾੜ ਦੇ ਵਾਰ ਜਾਨੀ।
ਬਹੁਤ ਰੋਹ ਥੀ ਜ਼ੋਰ ਝੁਕਾਓ ਚੜਿਆ

ਮੱਛੀ ਹਲ ਗਈ ਉਸ ਵਾਰ ਜਾਨੀ।
ਇਕ ਨਹੀਂ ਮੱਛੀ ਦੂਜੀ ਨੇ ਚੜ੍ਹੀ
ਤੀਜਾ ਮੀਂਹ ਚੌਥਾ ਇੰਤਜਾਰ ਜਾਨੀ।
ਜੇਕਰ ਯਾਰ ਤਾਂਈ ਅਜ ਨਾ ਮਿਲਾਂ
ਕੇ ਉਸ ਦਾ ਯਾਰ ਹੈ ਖਾਰ ਜਾਨੀ।

ਤੇ ਫਿਰ ਮਹੀਵਾਲ ਆਪਣਾ ਪੱਟ ਚੀਰਦਾ ਹੈ ਤੇ ਮਾਸ ਕੱਟ ਕੇ ਕਬਾਬ ਬਣਾਉਂਦਾ ਹੈ। ਤੇ ਇਹ ਕਬਾਬ ਲੈ ਕੇ ਉਹ ਸੋਹਣੀ ਕੋਲ ਜਾਂਦਾ ਹੈ। ਸੋਹਣੀ ਇਹ ਕਬਾਬ ਖਾਂਦੀ ਹੈ।

*(ਨੀਕੀ ਮੱਧਮ ਰੋਸ਼ਨੀ ਹੁੰਦੀ ਹੈ।ਸੋਹਣੀ ਤੇ ਮਹੀਵਾਲ ਬੈਠੇ ਹਨ। ਦੋ ਆਵਾਜ਼ਾਂ ਵਿਚ ਵਾਰੀ ਵਾਰੀ ਸੋਹਣੀ ਤੇ ਮਹੀਵਾਲ ਤੇ ਮਹੀਵਾਲ ਬੈਂਤ ਦੀ ਤਰਜ 'ਤੇ ਇਸ ਗੀਤ ਦਾ ਅਭਿਨੈ ਕਰਦੇ ਹਨ)*

ਗੀਤਕਾਰ : ਸੋਹਣੀ ਪਕੜ ਕਬਾਬ ਨੂੰ ਮੁਖ ਪਾਏ
ਸੁਟੇ ਹੋਇ ਕੇ ਤੁਰਤ ਬੇਜ਼ਾਰ ਜਾਨੀ।
ਸੱਚ ਦਸ ਬਲਾ ਕੀ ਆਂਦਿਓ ਈ
ਅੱਜ ਭੁੰਨ ਕੇ ਯਾਰ ਗਮਖਾਰ ਜਾਨੀ।
ਮਹੀਵਾਲ ਕਿਹਾ ਮੱਛੀ ਆਂਦੀ ਏ
ਮੈਂ ਤੇਰੇ ਕਾਰਨੇ ਯਾਰ ਦਿਲਦਾਰ ਜਾਨੀ।
ਖਾਓ ਨਾਲ ਯਕੀਨ ਵਿਸ਼ਵਾਸ਼ ਕਰਕੇ
ਲਿਆਇਆ ਭੁੰਨ ਮੈਂ ਆਪ ਸ਼ਿਕਾਰ ਜਾਨੀ।
ਮੱਛੀ ਅੱਜ ਵਾਲੀ ਸੱਚ ਸਖ਼ਤ ਆਹੀ
ਕਰੋ ਕੁਝ ਨਾਂ ਹੋਰ ਵਿਚਾਰ ਜਾਨੀ
ਸੋਹਣੀ ਫੇਰ ਮਜ਼ਾਕ ਦੇ ਨਾਲ ਕਿਹਾ
ਮੱਛੀ ਨਹੀਂ ਏ ਯਾਰ ਸਰਦਾਰ ਜਾਨੀ।
ਇਹਦਾ ਹੋਰ ਦਾ ਹੋਰ ਸਵਾਦ ਆਵੇ
ਮੈਥੋਂ ਆਖ ਤੂੰ ਸੱਚ ਨਿਤਾਰ ਜਾਨੀ।
ਮਹੀਵਾਲ ਨੇ ਹਾਲ ਵਖਾਲ ਦਿੱਤਾ
ਜਦੋਂ ਪੁੱਛ ਲੀਤਾ ਬਾਰ ਬਾਰ ਜਾਨੀ
ਪੱਟੋਂ ਪੱਟੀਆਂ ਖੋਹਲ ਕੇ ਯਾਰ ਅੱਗੇ
ਮਹੀਵਾਲ ਰੁੰਨਾ ਜਾਰੋ ਜਾਰ ਜਾਨੀ।
ਅਜੇ ਨਹੀਂ ਸਵਾਦ ਜੇ ਤੁਧ ਤਾਂਈ
ਹਾਜ਼ਰ ਜਾਨ ਮੇਰੀ ਮੈਨੂੰ ਮਾਰ ਜਾਨੀ।

ਕਥਾਕਾਰ : ਜੇ ਹਾਲੀ ਵੀ ਤੈਨੂੰ ਸੁਆਦ ਨਹੀਂ ਆਇਆ ਤਾਂ ਯਾਰਾ ਫੇਰ ਮੇਰੀ ਜਾਨ ਹਾਜ਼ਰ ਈ।

ਗੀਤਕਾਰ :
ਸੋਹਣੀ ਵੇਖ ਰੁੰਨੀ ਪੱਟ ਫਟ ਸੰਦਾ
ਪੁੱਟ ਸੁਟਦੀ ਵਾਲ ਹਜ਼ਾਰ ਜਾਨੀ
ਪੱਟ ਚੀਰ ਸਾਂਈਆਂ ਮੈਨੂੰ ਪਟਿਓ ਈ
ਪੱਟੀ ਪੱਟ ਕੇ ਸੁਣਿਓ ਵਾਰ ਜਾਨੀ।
ਛੇਤੀ ਪੱਟ ਤੇ ਪੱਟੀਆਂ ਬੰਨ ਯਾਰਾ
ਤੈਥੋਂ ਘੋਲ ਘੱਤੀ ਸੁਟੀ ਵਾਰ ਜਾਨੀ।
ਬਸ ਸਜਣਾ ਓਏ ਤੈਥੋਂ ਹੱਦ ਹੋਈ
ਜਾਹ ਬੈਠ ਹੁਣ ਕਰਾਰ ਜਾਨੀ।
ਜਿਤ ਕਿਤ ਮਿਲਸਾਂ ਨਿਤ ਪਾਰ ਤੈਨੂੰ
ਤੁਸੀਂ ਆਵਣਾ ਨਹੀਂ ਉਰਾਰ ਜਾਨੀ।

ਕਥਾਕਾਰ : ਤੇ ਇਸ ਤੋਂ ਬਾਅਦ ਸੋਹਣੀ ਰੋਜ਼ ਘੜੇ 'ਤੇ ਠਿੱਲ ਕੇ ਮਹੀਵਾਲ ਨੂੰ ਮਿਲਣ ਜਾਂਦੀ। ਜੋ ਹੀਰ ਦੇ ਇਸ਼ਕ ਦਾ ਵੈਰੀ ਕੈਦੋਂ ਸੀ ਤਾਂ ਇਥੇ ਵੀ ਕੈਦੋ ਨੇ ਪਿਛਾ ਨਹੀਂ ਛਡਿਆ ਉਹ ਸੋਹਣੀ ਦੀ ਨਨਾਣ ਦੇ ਰੂਪ ਵਿਚ ਇਥੇ ਵੀ ਪਹੁੰਚ ਗਿਆ। ਕੈਦੋਂ ਹਰ ਯੁੱਗ ਵਿਚ ਹੋਏ ਹਨ। ਨਨਾਣ ਨੂੰ ਸ਼ੱਕ ਪਿਆ ਕਿ ਭਾਬੀ ਰਾਤੀ ਰੋਜ਼ ਕਿਧਰੇ ਜਾਂਦੀ ਏ, ਤੇ ਇਕ ਦਿਨ ਉਹਨੇ ਭਾਬੀ ਦਾ ਪਿਛਾ ਕੀਤਾ ਅਤੇ ਸਾਰੇ ਭੇਤ ਨੂੰ ਜਾਣਿਆ। ਅਗਲੇ ਦਿਨ ਓਹਨੇ ਭਾਬੀ ਦੇ ਪੱਕੇ ਘੜੇ ਦੀ ਥਾਂ ਕੱਚਾ ਘੜਾ ਝਾੜੀ ਥੱਲੇ ਰਖ ਦਿੱਤਾ। ਰਾਤ ਆਈ ਕਹਿਰ ਭਰੀ ਰਾਤ ਝੱਖੜ ਤੇ ਤੂਫਾਨ ਝੁਲਿਆ, ਦਰਿਆ ਦੀਆਂ ਲਹਿਰਾਂ ਪੂਰੇ ਜੋਬਨ 'ਤੇ ਕੰਢਿਆਂ ਨਾਲ ਟਕਰਾਈਆਂ। ਤੇ ਸੋਹਣੀ ਆਪਣੇ ਇਸ਼ਕ ਨੂੰ ਮਿਲਣ ਤੁਰ ਪਈ। ਕੱਚਾ ਘੜਾ ਵੇਖਿਆ ਪਰ ਸਿਦਕੋਂ ਨਾ ਹਟੀ। ਤੇ ਪਕਿਆਂ ਕੌਲਾਂ ਵਾਲੀ ਕਚੇ ਤੇ ਠਿਲ ਪਈ।

*(ਨਿਮੀਂ ਲਾਈਟ ਹੁੰਦੀ ਹੈ, ਹਨੇਰੀ ਤੂਫ਼ਾਨ ਦੇ ਪ੍ਰਭਾਵ ਸਰੋਤਿਆਂ ਨੂੰ ਸੁਣਦੇ ਹਨ। ਇਕ ਅਜੀਬ ਵਾਤਾਵਰਣ ਬਣ ਜਾਂਦਾ ਹੈ। ਸੋਹਣੀ ਕਾਲੀ ਚੁੰਨੀ ਲਈ ਆਪਣੈ ਘੜੇ ਕੋਲ ਆਉਂਦੀ ਹੈ)*

ਗੀਤਕਾਰ : ਆਈ ਕਹਿਰ ਦੇ ਗਜ਼ਬ ਦੀ ਰਾਤ ਮੁੜ ਕੇ
ਕਾਲਾ ਆਤਮੀ ਵੇਸ਼ ਵੱਟਾ ਬੇਲੀ।
ਅੱਧੀ ਰਾਤ ਗਈ ਸੁਹਣੀ ਯਾਰ ਵੱਲੇ
ਟੁਰੀ ਪੀਰ ਫਕੀਰ ਮਨਾ ਬੇਲੀ।
ਇਕ ਰਾਤ ਅੰਧਰੇੜੀ ਵਾ ਵਗੇ ਦੂਜੀ

ਪਟ ਸੁੱਟਦੀ ਰੁਖ ਹਵਾ ਬੇਲੀ।
ਬਿਜਲੀ ਬਦਲਾਂ ਥੀਂ ਕੜਕ ਮਾਰ ਪੈਂਦੀ
ਦੇਂਦੀ ਤਬਕ ਜ਼ਮੀਨ ਹਲਾ ਬੇਲੀ।
ਅਜਲ ਪਈ ਪੁਕਾਰਦੀ ਸੋਹਣੀ ਨੂੰ ਮੈਥੋਂ ਆ ਬੇਲੀ
ਮੈਥੋਂ ਆ ਬੇਲੀ।
ਓੜਕ ਝਾਗ ਮੁਸੀਬਤਾਂ ਜਾ ਪਹੁੰਚੀ
ਜਿਥੇ ਆਵਦੀ ਘੜਾਂ ਟਿਕਾ ਬੇਲੀ।
ਉਹਨਾਂ ਬੂਟਿਆਂ ਥੀ ਘੜਾ ਚਾ ਲੈਂਦੀ
ਕਰਕੇ ਯਾਰ ਰਸੂਲ ਖ਼ੁਦਾ ਬੇਲੀ।
ਘੜਾ ਪਕੜਨੇ ਥੀ ਕੱਚਾ  ਨਜ਼ਰ ਆਇਆ
ਰੋਏ ਕੂਕਦੀ ਘਰ ਕਹਾ ਬੇਲੀ।
ਇਵੇਂ ਪਈ ਪੁਕਾਰਦੀ ਰੱਬ ਅੱਗੇ
ਜਿਵੇਂ ਸਾਹਿਬਾ, ਤੁਦ ਰਜ਼ਾ ਬੇਲੀ।
ਮੇਰਾ ਪਕਿਓ ਕੀਤਾ ਈ ਚਾ ਕੱਚਾ
ਕਿਹੜਾ ਦੇ ਤਕਦੀਰ ਮਿੱਟਾ ਬੇਲੀ।
ਜੇਕਰ ਆਪ ਰੱਖੇ ਮਾਰੇ ਕੌਣ ਸਾਈਆਂ
ਮੋਈ ਹੋਈ ਨੂੰ ਦੇ ਜਿਵਾ ਬੇਲੀ।

ਕਥਾਕਾਰ : ਸੋਹਣੀ ਘੜਾ ਚੁੱਕ ਕੇ ਦਰਿਆ ਵਲ ਚੱਲ ਪੈਂਦੀ ਹੈ।

ਗੀਤਕਾਰ : ਘੜਾ ਪਕੜ ਕੇ ਹੋ ਰਵਾਨ ਟੁਰੀ
ਨਾਲ ਸਿਦਕ ਯਕੀਨ ਸਫ਼ਾ ਬੇਲੀ।
ਇਕ ਯਾਰ ਦਾ ਪਿਆਰ ਕਰਤਾਰ ਜਾਤਾ
ਚਲੀ ਗੈਰ ਦੀ ਪ੍ਰੀਤ ਚੁਕਾ ਬੇਲੀ।
ਸੋਹਣੀ ਜਾ ਪਹੁੰਚੀ ਉਪਰ ਕੰਢੜੇ ਦੇ
ਮੂੰਹੋਂ ਮੰਗਦੀ ਖੜੀ ਦੁਆ ਬੇਲੀ।
ਸਿਰ ਤੇ ਬੰਨ ਵਾਲ ਕਲਮਾਂ ਯਾਦ ਕੀਤਾ
ਟੁਰੀ ਯਾਰ ਦਾ ਲੈਣ ਲੁਕਾ ਬੇਲੀ।
ਫਜ਼ਲ ਜਾਣ ਕੇ ਜਾਨ ਵੰਞਾਨ ਆਸ਼ਕ
ਮੁੜ ਕੇ ਇਸ਼ਕ ਜਾਨ ਨਾਲ ਲੇ ਬੇਲੀ।

*(ਸਟੇਜ 'ਤੇ ਫਿਰ ਹਨੇਰਾ ਹੁੰਦਾ ਹੈ)*

ਕਥਾਕਾਰ : ਸੋਹਣੀ ਕੱਚੇ ਤੇ ਹੀ ਕਾਂਗੀ ਚੜ੍ਹੇ ਦਰਿਆ ਵਿਚ ਠਿੱਲ ਪਈ ਪਰ ਕੱਚੇ ਕਦੋਂ ਪਾਰ ਲੰਘਾਉਂਦੇ ਹਨ ?ਮਹੀਵਾਲ...ਮਹੀਵਾਲ,ਪੁਕਾਰਦੀ ਉਹ ਦਰਿਆ ਵਿਚ ਡੁੱਬਣ ਲਗੀ ਉਧਰੋਂ ਮਹੀਵਾਲ ਨੂੰ ਵੀ ਡਰ

ਪੈ ਗਿਆ ਕਿ ਅੱਜ ਸੋਹਣੀ ਨਹੀਂ ਪੁਜ ਸਕੇਗੀ ਤੇ ਉਹਦੇ ਕੰਨਾਂ ਵਿਚ ਸੋਹਣੀ ਦੀ ਆਵਾਜ਼ ਆਈ, ਜਿਧਰੋਂ ਆਵਾਜ ਆਈ ਉਧਰ ਉਹ ਸੋ..ਹ..ਣੀ, ਸੋਹ...ਣੀ ਪੁਕਾਰਦਾ ਦਰਿਆ ਵਿਚ ਠਿਲ ਪਿਆ ਅਤੇ ਪਿਆਰ ਕਰਨ ਵਾਲੇ ਅੰਤ ਵਿਚ ਆਪਸ ਵਿਚ ਮਿਲ ਗਏ ਤੇ ਝਨਾਂ ਦੀਆਂ ਲਹਿਰਾਂ ਵਿਚ ਆਪਣੇ ਇਸ਼ਕ ਨੂੰ ਅਮਰ ਕਰ ਗਏ।

*(ਸ਼ੈਡੋ ਵਿਚ ਦੋ ਮੋਮਬੱਤੀਆਂ ਦੀਆਂ ਜੋਤੀਆਂ ਆਪਸ ਵਿਚ ਇਕ ਦੂਜੇ ਵਲ ਵੱਧਦੀਆਂ ਹਨ ਤੇ ਫਿਰ ਇਕ ਹੋ ਜਾਂਦੀਆਂ ਹਨ ਤੇ ਇਸ ਦੇ ਨਾਲ ਨਾਲ ਗੀਤ ਚਲਦਾ ਹੈ।)*

ਗੀਤਕਾਰ : ਐਸੇ ਸੋਹਣੇ ਛੈਲ ਮਲੂਕ ਦੋਵੇਂ
ਗਏ ਖਾਕ ਦੇ ਵਿਚ ਸਮਾਂ ਮੀਆਂ
ਐਪਰ ਇਸ਼ਕ ਨੂੰ ਲਾਜ ਨਾ ਲਾਇਓ ਨੇ
ਤੋੜ ਚਾੜ ਗਏ ਨਿੰਹੁ ਲਾ ਮੀਆਂ।
ਇਸ਼ਕ ਲਾਉਣਾ ਅੱਲਾ ਦਾ ਨਾਮ
ਯਾਰੋ ਦਿੱਤਾ ਰੱਬ ਰਸੂਲ ਪਹੁੰਚਾ ਮੀਆਂ।

*(ਸਟੇਜ 'ਤੇ ਫਿਰ ਹਨੇਰਾ ਹੋ ਜਾਂਦਾ ਹੈ।)*

ਕਥਾਕਾਰ : ਝਨਾਂ ਦੀਆਂ ਲਹਿਰਾਂ ਵਿਚ ਜੇਕਰ ਸੋਹਣੀ ਮਹੀਵਾਲ ਦੇ ਇਸ਼ਕ ਅਤੇ ਸਿਦਕ ਦੀ ਕਹਾਣੀ ਸਮੋਈ ਹੈ ਤਾਂ ਮਾਰੂ ਥਲਾਂ ਵਿਚ ਹਾਸ਼ਮ ਦੀ 'ਸੱਸੀ' ਨੇ ਆਪਣੇ ਇਸ਼ਕ ਦੀ ਲਾਜ ਰੱਖੀ ਹੈ। ਸੱਸੀ ਸੁੱਤੀ ਨੂੰ ਛੱਡ ਕੇ ਪੁਨੂੰ ਚਲਾ ਜਾਂਦਾ ਹੈ, ਸੱਸੀ ਜਾਗਦੀ ਹੈ ਤਾਂ ਪੁੰਨੂੰ ਨਜ਼ਰ ਨਹੀਂ ਆਉਂਦਾ। ਉਹ ਉਹਦੀ ਡਾਚੀ ਦੀ ਪੈੜ ਕੱਢਦੀ ਮਾਰੂ ਥਲਾਂ ਵਿਚ ਪੁੱਜ ਜਾਂਦੀ ਹੈ।

*(ਸ਼ੈਡੋ ਵਿਚ ਵਾਲ ਖੁੱਲੇ ਸੱਸੀ ਦਾ ਦ੍ਰਿਸ਼ ਆਉਂਦਾ ਹੈ। ਤੇ ਨਾਲ ਇਹ ਗੀਤ ਚਲਦਾ ਹੈ)*

ਗੀਤਕਾਰ : ਨਾਜ਼ਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸ਼ਿੰਗਾਰੇ।
ਬਾਲੂ ਰੇਤ ਤਪੇ ਵਿਚ ਥੱਲ ਦੇ ਜਿਉਂ ਜੋ ਭੁੰਨਣ ਭਠਿਆਰੇ।
ਸੂਰਜ ਭਜ ਵੜਿਆ ਵਿਚ ਬਦਲੀ ਡਰਦਾ ਲਿਸ਼ਕ ਨਾ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ ਸਿਦਕੋਂ ਮੂਲ ਨਾ ਹਾਰੇ।

ਕਥਾਕਾਰ : ਤੇ ਸੱਸੀ ਸਿਦਕੋਂ ਨਾ ਹਾਰੀ ਥਲਾਂ ਵਿਚ ਪੁੰਨੂੰ, ਪੁਨੂੰ ਪੁਕਾਰਦੀ ਚਲੀ ਗਈ। ਪੈਰੀਂ ਛਾਲੇ, ਹੋਠ ਤਿਹਾਏ ਤੇ ਓੜਕ ਵਕਤ ਆਣ ਪੁੱਜਾ।

*(ਸ਼ੈਡੋ ਵਿਚ ਸੱਸੀ ਦਾ ਕਾਰਜ ਸਾਰਾ ਆ ਰਿਹਾ ਹੈ।)*

ਗੀਤਕਾਰ : ਓੜਕ ਵਕਤ ਕਹਿਰ ਦੀਆਂ ਕੂਕਾਂ ਸੁਣ ਪੱਥਰ ਢਲ ਜਾਏ।

ਜਿਸ ਡਾਚੀ ਮੇਰਾ ਪੁਨੂੰ ਖੜਿਆ ਸ਼ਾਲਾ ਮਰ ਦੋਜ਼ਖ ਵਿਚ ਜਾਏ।
ਹਾਸ਼ਮ ਮੌਤ ਪਏ ਕਾਵਾਨਾ ਤੁਖਮ ਜ਼ਮੀਨੋ ਜਾਵੇ।

ਕਥਾਕਾਰ : ਇਕ ਪਲ ਇਹ ਬਦ ਦੁਆ ਉਹਦੇ ਮੂੰਹੋਂ ਨਿਕਲੀ ਤੇ ਦੂਜੇ ਪਲ ਹੀ।

ਗੀਤਕਾਰ : ਫਿਰ ਮੁੜ ਸਮਝ ਕਰੇ ਲੱਖ ਤੋਬਾ ਮੈਥੋਂ ਬਹੁਤ ਬੇਅਦਬੀ ਹੋਈ।
ਜਿਸ ਪਰ ਯਾਰੋ ਕਰੇ ਅਸਵਾਰੀ ਤਿਸ ਦੇ ਜੇਡ ਨਾ ਕੋਈ।
ਕੁਝ ਮੈਂ ਵਾਂਗ ਨਕਰਮਨ ਨਾਂ ਹੀ ਕਿਤ ਵਲ ਮਿਲੇ ਨਾਂ ਢੋਈ।
ਹਾਸ਼ਮ ਕੰਤ ਮਿਲੇ ਹੁਣ ਜਿਸ ਨੂੰ ਜਾਨ ਸੁਹਾਵਣ ਹੋਈ॥
ਸਿਰ ਵਰ ਖੋਜ ਬਹੁਤ ਗਸ਼ ਆਇਆ ਮੌਤ ਸੱਸੀ ਦੀ ਆਈ।
ਖੁਸ਼ ਰਹੇ ਯਾਰ ਅਸਾਂ ਤੁਸ ਕਾਰਨ ਥੱਲ ਵਿਚ ਜਾਨ ਗਵਾਈ।
ਡਿਗਦਿਆਂ ਸਾਰ ਗਿਆ ਦਮ ਨਿਕਲ ਤਨ ਥੀਂ ਜਾਨ ਸਿਧਾਈ।
ਹਾਸ਼ਮ ਕਹੁ ਲੱਖ ਲੱਖ ਸ਼ੁਕਰਾਨ ਇਸ਼ਕ ਵਲੋਂ ਰਹਿ ਆਈ।

ਕਥਾਕਾਰ : ਹਾਸ਼ਮ ਕਹੁ ਲੱਖ ਲੱਖ ਸ਼ੁਕਰਾਨ ਇਸ਼ਕ ਵਲੋਂ ਰਹਿ ਆਈ। ਪਿਆਰ ਅਤੇ ਸਿਦਕ ਦੀਆਂ ਇਹ ਮਹਾਨ ਲੋਕ ਗਥਾਵਾਂ ਪੰਜਾਬ ਦੀ ਧਰਤੀ ਦਾ ਵਿਰਸਾ ਹਨ। ਪਿਆਰ ਅਤੇ ਫਰਜ਼ ਦੀ ਇਕ ਹੋਰ ਲੋਕ ਗਾਥਾ ਪੂਰਨ ਭਗਤ ਨੂੰ ਕਾਦਰ ਯਾਰ ਨੇ ਬਿਆਨ ਕੀਤੀ। ਜਿਸ ਵਿਚ ਕਿੱਸਾ ਕਾਵਿ ਇਕ ਵਿਸ਼ੇਸ਼ ਸ਼ਿਖਰ 'ਤੇ ਪੁੱਜਿਆ। ਬਾਰ੍ਹਾਂ ਵਰ੍ਹੇ ਭੌਰੇ ਵਿਚ ਰਹਿਣ ਦੇ ਬਾਅਦ ਪੂਰਨ ਮਹਿਲੀਂ ਵਾਪਸ ਆਉਂਦਾ ਹੈ। ਮਾਂ ਇਛਰਾਂ ਨੂੰ ਖੁਸ਼ੀ ਚੜ੍ਹਦੀ ਹੈ, ਪਰ ਉਹ ਪੂਰਨ ਨੂੰ ਕਹਿੰਦੀ ਹੈ ਕਿ ਜਾਂ ਆਪਣੀ ਨਵੀਂ ਮਾਂ ਲੂਣਾ ਕੋਲੋਂ ਆਸ਼ੀਰਵਾਦ ਲੈ ਆ। ਪੂਰਨ ਲੂਣਾਂ ਨੂੰ ਮਿਲਣ ਜਾਂਦਾ ਹੈ, ਪਰ ਲੂਣਾਂ ਜਿਸ ਦੀ ਜਵਾਨੀ ਬੁੱਢੇ ਸਲਵਾਨ ਨਾਲ ਵਿਆਹੀ ਗਈ ਹੋਈ ਹੈ, ਪਿਆਰ ਵਲੋਂ ਅਤ੍ਰਿਪਤ ਹੈ ਤੇ ਉਸਦੀ ਅਤ੍ਰਿਪਤ ਜਵਾਨੀ ਹੀ ਮੰਗ ਕਰਦੀ ਹੈ ਕਿ ਉਹ ਪੂਰਨ ਨੂੰ ਪੁਤਰ ਨਾ ਸਮਝੇ ਸਗੋਂ ਸੱਜਣ ਸਮਝੇ, ਪੂਰਨ ਲੂਣਾ ਨੂੰ ਮਿਲਦਾ ਹੈ। ਤੇ ਕਾਦਰ ਯਾਰ ਦੀ ਕਵਿਤਾ ਇਸ ਮਿਲਣੀ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ।

*(ਮੰਚ 'ਤੇ ਰੋਸ਼ਨੀ ਹੁੰਦੀ ਹੈ। ਲੂਣਾ ਪੂਰਨ ਦੀ ਉਡੀਕ ਕਰਦੀ ਹੈ। ਇਕ ਪਾਸਿਉਂ ਪੂਰਨ ਮੰਚ ਤੇ ਆਉਂਦਾ ਹੈ ਅਤੇ ਦੋ ਗੀਤਕਾਰ ਇਕ ਆਵਾਜ਼ ਵਿਚ ਇਹ ਨਿੱਕਾ ਜਿਹਾ ਨਾਟਕ ਚਲਾਉਂਦੇ ਹਨ)*

ਗੀਤਕਾਰ : ਸੁਆਦ-ਸੂਰਤ ਦੀ ਤਾਬ ਨ ਗਈ ਝਲੀ
ਲੂਣਾਂ ਪੂਰਨ ਨੂੰ ਦੇਖ ਕੇ ਤੁਰਤ ਮੁਠੀ
ਪੂਰਨ ਨਜ਼ਰ ਆਯਾ ਰਾਜਾ ਭੁਲ ਗਿਆ

ਸਿਰ ਪੈਰ ਤੋੜੀ ਅੱਗ ਭੜਕ ਉਠੀ
ਦਿਲੋਂ ਪੂਰਨ ਨੂੰ ਯਾਰ ਬਣਾ ਬੈਠੀ
ਓਹਦੀ ਸਾਬਤੀ ਦੀ ਦਿਲੋਂ ਲਜ ਟੁੱਟੀ
ਕਾਦਰ ਯਾਰ ਤਰੀਮਤ ਹੈਸਿਆਰੀ
ਵੇਖੋ ਲਗੀ ਵਗਾਵਣੇ ਨਦੀਂ ਪੁੱਠੀ
ਜੁਆਦ– ਜ਼ਬਰ ਤੇ ਜ਼ੋਰ ਦੇ ਨਾਲ
ਪੂਰਨ ਅੰਦਰ ਲੰਘ ਕੇ ਰੰਗ ਮਹਲ ਜਾਏ
ਹੱਥ ਬੰਨ ਕੇ ਆਖਦਾ ਜਾਏ
ਪੂਰਨ ਮੱਥਾ ਟੇਕਦਾ ਹਾਂ ਮੇਰੀ ਧਰਮ ਮਾਏ
ਅਗੋਂ ਦੇਵਣਾ ਓਸ ਪਿਆਰ ਸਾਈਂ
ਸਗੋਂ ਦੇਖ ਰਾਣੀ ਮਥੇ ਵਟ ਪਾਏ
ਕਾਦਰ ਯਾਰ ਖਲੋਇਕੇ ਦੇਖ ਅਖੀਂ
ਜਿਹੜਾ ਕਹਿਰ ਚਰਿਤਰ ਵਰਤਦਾ ਏ
ਜੋਇ–ਜ਼ਾਹਰਾ ਆਖਦੀ ਸ਼ਰਮ ਕੇਹੀ
ਮਾਈ ਮਾਈ ਨ ਰਾਜ਼ਿਆ ਆਖ ਮੈਨੂੰ
ਕੁਖੋਂ ਰਖ ਨ ਜੰਮਿਓ ਜਾਇਓ ਵੇ ਮਾਈ
ਆਖਣਾ ਏ ਕੇਹੜੇ ਸਾਕ ਮੈਨੂੰ
ਆਹ ਉਮਰ ਤੇਰੀ ਮੇਰੀ ਇਕ ਰਾਜਾ
ਕੇਹਾ ਲਾਇਆ ਈ ਦਰਦ ਫਿਰਾਕ ਮੈਨੂੰ
ਕਾਦਰ ਯਾਰ ਨਾ ਸੰਗਦੀ ਕਹੇ ਲੂਣਾ
ਕਰ ਚਲਿਓ ਮਾਰ ਹਲਾਕ ਮੈਨੂੰ
ਐਨ–ਅਰਜ਼ ਕੀਤੀ ਸ਼ਰਮਾ ਰਾਜੇ
ਐਸੇ ਸ਼ਬਦ ਮਾਤਾ ਮੂੰਹੋਂ ਬੋਲੀ ਨਾਂਹੀ
ਮਾਵਾਂ ਪੁੱਤਾਂ ਨਾਲ ਕਦੇ ਨਾ ਨਹੁ ਲਗਾ
ਜਗ ਵਿਚ ਮੁਕਲਾਖਾਂ ਘੋਲ ਨਾਹੀ
ਸੀਨੇ ਨਾਲ ਲਗਾਇਕੇ ਰੱਖ ਮੈਨੂੰ
ਪੁਤ ਜਾਣ ਮਾਤਾ ਮਨੋ ਡੋਲ ਨਾਹੀ
ਕਾਦਰ ਯਾਰ ਮੀਆਂ ਦੋਵੇਂ ਝਗੜਦੇ ਨੇ
ਸਾਈ ਬਾਝ ਤੀਜਾ ਹੋ ਕੋਲ ਨਾਹੀ
ਗ਼ੈਨ–ਗਮ ਨ ਸਮਝਦੀ ਖੌਫ਼ ਖ਼ਤਰਾ
ਲੂਣਾ ਉਠ ਕੇ ਪਕੜਿਆ ਹਥ ਚੋਲਾ
ਚਲ ਬੈਠ ਪਲੰਘ ’ਤੇ ਇਕ ਵਾਰੀ

ਅਰਜ ਮੈਂ ਵਾਸਤਾ ਪਾ ਢੋਲਾ
ਪਰੀ ਜੇਹੀ ਮੈਂ ਇਸਤਰੀ ਅਰਜ਼ ਕਰਦੀ
ਤੂੰ ਤਾਂ ਮਰਦ ਨਾਹੀਂ ਕੋਈ ਹੈ ਗੋਲਾ
ਕਾਦਰ ਯਾਰ ਨਾ ਸੰਗਦੀ ਕਹੇ
ਲੂਣਾ ਸੇਜ ਮਾਣ ਮੇਰੀ ਜਿੰਦ ਜਾਨ ਢੋਲਾ
ਫੇ-ਫੇਰ ਕਹਿਆ ਰਾਜੇ ਹੋ ਗੁਸੇ ਤੈਨੂੰ
ਵਗ ਕੀ ਗਈ ਹੈ ਬਾਣ ਮਾਏ
ਜਿਸ ਦੀ ਇਸਤਰੀ ਤੂੰ ਉਹ ਬਾਪ ਮੇਰਾ
ਤੇਰੇ ਸ਼ਿਕਮ ਥੀ ਜੰਮਿਆਂ ਜਾਨ ਮਾਏ
ਜਦੋਂ ਏਹੋ ਜੇਹੀਆਂ ਗੱਲਾਂ ਹੋਣ ਲਗਣ
ਪੁਠਾ ਹੋਵੇਗਾ ਜਿਮੀਂ ਅਸਮਾਨ ਮਾਏ
ਕਾਦਰ ਯਾਰ ਪੂਰਨ ਤੈਨੂੰ ਦੇ ਮਤੀ
ਕਿਧਰ ਗਿਆ ਹੈ ਅਜ ਧਿਆਨ ਮਾਏ
ਕਾਫ਼-ਕਤਲ ਕਰੋਗੀ ਪੂਰਨਾ ਵੇ ਆਖੇ
ਲਗ ਜਾਹ ਜੇ ਭਲਾ ਚਾਹੁੰਦਾ ਏ
ਝੋਲੀ ਅੱਡ ਕੇ ਖੜੀ ਮੈਂ ਪਾਸ ਤੇਰੇ ਹੈ
ਸਿਆਰਿਆ ਖੈਰ ਨਾ ਪਾਉਨਾ ਏ
ਕੁਛੜ ਬੈਠ ਕਦੋਂ ਦੁਧ ਚੁੰਘਿਓ ਈ
ਐਵੇਂ ਕੂੜ ਦੀ ਮਾਉ ਬਣਾਉਣਾ ਏ
ਕਾਦਰ ਯਾਰ ਨ ਸੰਗਦੀ ਕਹੇ ਲੂਣਾ
ਕਾਹਨੂੰ ਗਰਦਨੀ ਖ਼ੂਨ ਚੜਾਉਣਾ ਏ
ਕਾਫ਼-ਕਹੇ ਰਾਜਾ ਅਜੇ ਸਮਝ ਮਾਤਾ
ਤੇਰੇ ਪਲੰਘ ਤੇ ਪੈਰ ਨ ਮੂਲ ਧਰਸਾਂ
ਅਖੀਂ ਪਰਤ ਨਜ਼ਰ ਨ ਮੂਲ ਕਰਸਾਂ
ਐਪਰ ਸੂਲੀ ਤੇ ਚੜਨਾ ਕਬੂਲ ਕਰਸਾਂ
ਕੰਨੀ ਖਿੱਚ ਕੇ ਅੰਦਰੋਂ ਬਾਹਰ ਆਇਆ
ਆਖੇ ਧਰਮ ਗਵਾਇਕੇ ਨ ਮਰਸਾਂ
ਕਾਦਰ ਯਾਰ ਵੰਗਾਰ ਕੇ ਕਹੇ ਲੂਣਾ
ਤੇਰੇ ਲਹੂ ਦੇ ਪੂਰਨਾ ਘੁਟ ਭਰਸਾਂ

ਕਥਾਕਾਰ : ਪੂਰਨ ਆਪਣਾ ਬੰਦ ਬੰਦ ਕਟਵਾ ਲੈਂਦਾ ਹੈ, ਪਰ ਆਪਣੇ ਫਰਜ਼ ਤੋਂ ਨਹੀਂ ਹਾਰਦਾ। ਪੂਰਨ ਭਗਤ ਦੀ ਇਹ ਲੋਕ ਗਾਥਾ ਸਾਡੇ ਆਧੁਨਿਕ ਕਵੀਆਂ ਨੇ ਆਪਣੇ ਆਪਣੇ ਢੰਗ ਨਾਲ ਬਿਆਨ

ਕੀਤੀ ਹੈ, ਜੇਕਰ ਪ੍ਰੋ. ਪੂਰਨ ਸਿੰਘ ਨੇ ਰਾਣੀ ਇੱਛਰਾਂ ਦੇ ਦੁੱਖ ਨੂੰ ਵਿਸ਼ਾ ਬਣਾਇਆ ਹੈ ਤਾਂ ਸ਼ਿਵ ਕੁਮਾਰ ਬਟਾਲਵੀ ਨੇ ਲੂਣਾ ਦੀ ਅਤ੍ਰਿਪਤ ਜਵਾਨੀ ਜਿਹੜੀ ਬੁੱਢੇ ਸਲਵਾਨ ਲੜ ਲਾਈ ਜਾਂਦੀ ਹੈ, ਇਸ ਤਰ੍ਹਾਂ ਗਾਵਿਆ।

*(ਸਪਾਟ ਲਾਈਟ ਥਲੇ ਗੀਤਕਾਰ ਕੁੜੀ ਇਹ ਕਵਿਤਾ ਬੋਲਦੀ ਹੈ)*

ਗੀਤਕਾਰ : ਧਰਮੀ ਬਾਬਲ ਪਾਪ ਕਮਾਇਆ,
ਲੜ ਲਾਇਆ ਸਾਡੇ ਫੁਲ ਕੁਮਲਾਇਆ।
ਜਿਸ ਦਾ ਇੱਛਰਾਂ ਰੂਪ ਹੰਢਾਇਆ,
ਮੈਂ ਪੂਰਨ ਦੀ ਮਾਂ, ਪੂਰਨ ਦੇ ਹਾਣ ਦੀ।
ਮੈਂ ਉਸ ਤੋਂ ਚੁੰਮਣ ਵੱਡੀ,
ਪਰ ਮੈਂ ਕੀਕਣ ਮਾਂ ਉਹਦੀ ਲੱਗੀ,
ਉਹ ਮੇਰੀ ਗਰਭ ਜੂਨ ਨਾ ਆਇਆ।
ਲੋਕਾਂ ਵੇ, ਮੈਂ ਧੀ ਵਰਗੀ ਸਲਵਾਨ ਦੀ,
ਪਿਤਾ ਜੇ ਧੀ ਦਾ ਰੂਪ ਹੰਢਾਵੇ,
ਲੋਕਾਂ ਵੇ ਤੈਨੂੰ ਲਾਜ ਨਾ ਆਵੇ,
ਜੇ ਲੂਣਾ ਪੂਰਨ ਨੂੰ ਚਾਹਵੇ,
ਚਰਿਤਰ ਹੀਣ ਕਵੇ ਕਿਉਂ ਜੀਭ ਜਹਾਨ ਦੀ।
ਚਰਿਤਰ ਹੀਣ ਤੇ ਤਾਂ ਕੋਈ ਆਖੇ,
ਜੇਕਰ ਲੂਣਾ ਵੇਚੇ ਹਾਸੇ,
ਪਰ ਜੇ ਹਾਣ ਨਾ ਲੱਭਣ ਮਾਪੇ,
ਹਾਣ ਲੱਭਣਾ ਵਿਚ ਗਲ ਕੀ ਹੈ ਅਪਮਾਨ ਦੀ

## ਭਾਗ ਤੀਜਾ

ਕਥਾਕਾਰ : ਪਿਆਰ ਨੇ ਸਿੰਦਕ ਨਾਲ ਨਿਭਾਉਣਾ ਜਿਥੇ ਆਪਣੇ ਵਿਰਸੇ ਤੋਂ ਮਿਲਿਆ ਹੈ, ਉਥੇ ਜਬਰ ਦੇ ਵਿਰੁੱਧ ਆਵਾਜ਼ ਉਠਾਣੀ ਅਤੇ ਅਣਖ ਨਾਲ ਜੀਣਾ ਵੀ ਅਸੀਂ ਆਪਣੇ ਵਿਰਸੇ ਤੋਂ ਸਿਖਿਆ ਹੈ। ਜਬਰ ਦੇ ਵਿਰੁੱਧ ਆਵਾਜ਼ ਪੰਜਾਬੀ ਕਵਿਤਾ ਵਿਚ ਪਹਿਲੇ ਗੁਰੂ ਨਾਨਕ ਜੀ ਨੇ ਹੀ ਉਠਾਈ ਹੈ। ਉਹਨਾਂ ਨੇ ਵਕਤ ਦੇ ਹਾਕਮਾਂ ਨੂੰ ਲਲਕਾਰਿਆ ਤੇ ਇਹ ਕਹਿਣ ਦੀ ਜੁਅਰੱਤ ਕੀਤੀ।

'ਰਾਜੇ ਸੀਂਹ ਮੁਕਦਮ ਕੁੱਤੇ'

ਬਾਬਰ ਦੇ ਜੁਲਮ ਵਿਰੁਧ ਆਵਾਜ਼ ਗੁਰੂ ਨਾਨਕ ਨੇ ਬਾਬਰ ਵਾਣੀ

ਵਿਚ ਦਿੱਤੀ। ਬਾਬਰ ਨੇ ਜਦੋਂ ਹਿੰਦ 'ਤੇ ਹਮਲਾ ਕੀਤਾ ਤਾਂ ਹਮਲਾਵਰਾਂ ਦੀ ਹਥੋਂ ਜਿਸ ਤਰ੍ਹਾਂ ਹਿੰਦੁਸਤਾਨੀਆਂ ਦੀ ਦੁਰਦਸ਼ਾ ਹੋਈ।

*(ਸ਼ੈਡੋ ਵਿਚ ਮਾਰ ਧਾੜ ਦਾ ਦ੍ਰਿਸ਼। ਸਿਪਾਹੀ ਇਕ ਕੁੜੀ ਜਿਸ ਦੇ ਵਾਲ ਖੁੱਲੇ ਹਨ। ਉਹਨੂੰ ਘੜੀਸ ਕੇ ਲਿਜਾ ਰਿਹਾ ਹੈ)*

ਗੀਤਕਾਰ : ਜਿਨੀ ਸਿਰਿ ਸੋਹਿਨ ਪਟੀਆਂ, ਮਾਗੀ ਪਾਇ ਸੰਧੂਰ।
ਸੋ ਸਿਰਿ ਕਾਤੀ ਮੁਨਿਅਨਿ, ਗਲ ਵਿਚ ਆਏ ਧੂੜਿ।
ਮਹਿਲਾਂ ਅੰਦਿਰ ਰੋਦੀਆਂ, ਹੁਣਿ ਬਹਿਣ ਨਾ ਮਿਲਨਿ ਹਦੂਰ
ਧਨੁ ਜੋਬਨ ਦੁਇ ਵੈਰੀ ਹੋਏ ਜਿਨੀਂ ਕਖੇ ਰੰਗੁ ਲਾਇ
ਦੂਤਾਂ ਨੇ ਫੁਰਮਾਇਆ ਲੈ ਚਲੇ ਪਤਿ ਗਵਾਇ
ਸਾਹਾ ਸੁਰਤਿ ਗਵਾਇਆ, ਰੰਗਿ ਤਮਾਮੇ ਚਾਇ
ਬਾਬਰ ਵਾਣੀ ਫਿਰ ਗਈ ਕੁ ਇਹੁ ਨ ਰੋਟੀ ਖਾਇ

ਕਥਾਕਾਰ : ਇਹ ਸਭ ਕੁਝ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਫੇਰ ਬਾਬਰ ਨੂੰ ਵੰਗਾਰਿਆ।

ਗੀਤਕਾਰ : ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
ਆਪੇ ਦੋਸ ਨਦੇਈ ਕਰਤਾ ਜਮੁ ਕਹਿ ਮੁਗਲ ਚੜਾਇਆ।
ਏਤੀ ਮਾਰ ਪਈ ਕੁਰਲਾਣੇ ਤੇ ਕੀ ਦਰਦ ਨਾ ਆਇਆ।
ਕਰਤ ਤੂੰ ਸਭਨਾ ਕਾ ਸੋਈ
ਜੇ ਸਕਦਾ ਸਕਤੇ ਕਉ ਮਾਰੇ ਤਾਂ ਮਨਿ ਰੋਸ ਨਾ ਕੋਈ।

ਕਥਾਕਾਰ : ਗੁਰੂ ਨਾਨਕ ਨੇ ਅਤਿਆਚਾਰ ਨੂੰ ਚੁਣੌਤੀ ਦਿੱਤੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਅਤਿਆਚਾਰ ਵਿਰੁੱਧ ਲੋਕਾਂ ਨੂੰ ਤੇਗ ਦਿੱਤੀ। ਆਪਣੇ ਰੱਬ ਕੋਲੋਂ ਇਹ ਵਰ ਮੰਗਿਆ ਕਿ ਆਪਣੇ ਫਰਜ਼ ਤੋਂ ਕਦੀ ਨਾ ਪਿਛੇ ਹਟਾਂ

'ਦੇਹਿ ਸ਼ਿਵਾ ਬਰ ਮੋਹਿ ਇਹੇ,
ਸ਼ੁਭ ਕਰਮਨ ਤੇ ਕਬਹੂੰ ਨਾ ਟਰੋ
ਨਾ ਡਰੋ ਅਰਿ ਸੌ ਜਬ ਜਾਇ ਲਰੋ
ਨਿਸ਼ਚੈ ਕਰ ਅਪਣੀ ਜੀਤ ਕਰੋ
ਜਬ ਆਵਕੀ ਆਉਧ ਨਿਧਾਨ ਬਨੇ
ਅਤਿ ਹੀ ਰਣ ਮੇਂ ਤਬ ਜੂਝ ਮਰੋ

ਧਰਮ ਪਿਛੇ ਮਰਨਾ ਕਿੰਝ ਹੈ ਇਹ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਿਖਾਇਆ ਅਤੇ ਸੂਰਮੇ ਦੀ ਪਹਿਚਾਣ ਸਾਨੂੰ ਦੱਸੀ।

ਸਟੇਜ 'ਤੇ ਲਾਇਟ ਹੁੰਦੀ ਹੈ, ਇਕ ਜ਼ਬਰ ਮੁਗਲ ਜ਼ਬਰਦਸਤੀ ਇਕ

ਦੇਸ਼ ਵਾਸੀ ਦਾ ਜਨੇਊ ਉਤਾਰਨ ਕੀ ਕੋਸ਼ਿਸ਼ ਕਰ ਰਿਹਾ ਹੈ। ਪਰ ਉਹ ਦੇਸ਼ ਵਾਸੀ ਜਨੇਊ ਨਹੀਂ ਲਾਹੁਣ ਦੇਂਦਾ ਅਤੇ ਉਦੇ ਹਥੋਂ ਮਾਰਿਆ ਜਾਂਦਾ ਹੈ।

ਗੀਤਕਾਰ : ਸੂਰਾ ਸੋ ਪਹਿਚਾਨੀਏ ਜੋ ਲੜੇ ਦੀਨ ਕੇ ਹੇਤਿ..
ਪੁਰਜਾ ਪੁਰਜਾ ਕਟ ਮਰੇ ਕਬਹੁੰ ਨਾ ਛਾਡੇ ਖੇਤ

ਕਥਾਕਾਰ : ਇਸ ਸੂਰਮੇ ਦੀ ਪਹਿਚਾਨ ਨੇ ਸਾਨੂੰ ਇਹ ਸਿਖਾਇਆ ਕਿ ਸੱਚ ਤੇ ਸਿਦਕ ਲਈ ਕਿਸ ਤਰ੍ਹਾਂ ਸੰਗਰਾਮ ਕਰਨਾ ਹੈ। ਕਿਸ ਤਰਾਂ ਜਾਨਾਂ ਵਾਰਨੀਆਂ ਹਨ। ਇਸ ਸੂਰਮੇ ਦੀ ਪਹਿਚਾਣ ਨੇ ਹੀ ਅੱਜ ਦੇ ਯੁੱਗ ਵਿਚ ਗਦਰੀ ਬਾਬਿਆਂ ਨੂੰ ਇਹ ਪ੍ਰੇਰਨਾ ਦਿੱਤੀ ਕਿ ਉਹ ਆਪਣੇ ਦੇਸ਼ ਦੀ ਖਾਤਰ ਪ੍ਰਦੇਸ਼ਾਂ ਵਿਚ ਸੰਗਰਾਮ ਦਾ ਝੰਡਾ ਉਚਾ ਕਰਨ। ਇਸ ਸੂਰਮੇ ਦੀ ਪਹਿਚਾਣ ਨੇ ਹੀ ਕਰਤਾਰ ਸਿੰਘ ਸਰਾਭੇ ਨੂੰ ਇਹ ਬਲ ਬਖਸ਼ਿਆ ਕਿ ਉਹ ਹੱਸਦਾ ਹੱਸਦਾ ਫਾਂਸੀ ਚੜ ਜਾਏ। ਇਸ ਸੂਰਮੇ ਦੀ ਪਹਿਚਾਣ ਨੇ ਹੀ ਭਗਤ ਸਿੰਘ ਨੂੰ ਇਹ ਸੋਚ ਬਖਸ਼ੀ ਕਿ ਉਹ ਦੇਸ਼ ਦੀ ਖਾਤਿਰ ਜੀਵੇ ਤੇ ਦੇਸ਼ ਦੀ ਖਾਤਰ ਮਰੇ। ਸਾਡੇ ਇਸ ਨੌਜਵਾਨ ਸ਼ਹੀਦ ਦੀਆਂ ਜਿੰਨੇ ਮੌਤ ਨੂੰ ਲਾੜੀ ਸਮਝ ਕੇ ਪਰਨਾਇਆ। ਸਾਡੀ ਲੋਕ ਪਰੰਪਰਾ ਅਨੁਸਾਰ ਸਾਡੀਆਂ ਭੈਣਾਂ ਨੇ ਰੱਜ ਕੇ ਘੋੜੀਆਂ ਗਾਈਆਂ। ਕਿੰਨੇ ਹੀ ਗੁੰਮਨਾਮ ਕਵੀਆਂ ਨੇ ਇਸ ਮਹਾਨ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਦਿੱਤੀ। ਭਗਤ ਸਿੰਘ ਜੇਲ ਵਿਚ ਮੌਤ ਦੀ ਇੰਤਜ਼ਾਰ ਵਿਚ ਹੈ ਜਦੋਂ ਉਹਦੀ ਮੰਗੇਤਰ ਉਸ ਨੂੰ ਮਿਲਣ ਆਉਂਦੀ ਹੈ।

*(ਸਟੇਜ ਤੇ ਜੇਲ ਦਾ ਸੀਨ ਭਗਤ ਸਿੰਘ ਨੂੰ ਉਹਦੀ ਮੰਗੇਤਰ ਮਿਲਣ ਆਉਂਦੀ ਹੈ ਅਤੇ ਪਿਛੋਂ ਦੋ ਆਵਾਜ਼ਾਂ ਵਿਚ ਇਹ ਘੋੜੀ ਗਾਈ ਜਾਂਦੀ ਹੈ।ਅਤੇ ਕਲਾਕਾਰ ਅਭੀਨੈ ਕਰਦੇ ਹਨ।)*

ਗੀਤਕਾਰ : ਜਦੋਂ ਵੀਰ ਭਗਤ ਸਿੰਘ ਸਰਦਾਰ ਨੂੰ ਦਿੱਤਾ ਫਾਂਸੀ ਦਾ ਹੁਕਮ ਸੁਣਾ
ਉਹਦੀ ਹੋਵਣ ਵਾਲੀ ਨਾਰ ਨੂੰ ਕਿਸੇ ਪਿੰਡ ਵਿਚ ਦੱਸਿਆ ਜਾ
ਉਥੋਂ ਟੁਰ ਪਈ ਖਾਤਰ ਪ੍ਰੇਮ ਦੀ ਕਹਿੰਦੀ ਰੱਬਾ ਮੇਲ ਕਰਾ
ਜਾ ਪਹੁੰਚੀ ਵਿਚ ਲਾਹੋਰ ਦੇ ਮਿਲੀ ਜੇਲ੍ਹ ਦਰੋਗੇ ਨੂੰ ਆ
ਉਤੋਂ ਹੁਕਮ ਹੋਇਆ ਸਰਕਾਰ ਦਾ ਦੇਵੋ ਮੁਲਾਕਾਤ ਕਰਾ
ਤਦ ਹੂਰ ਪਰੀ ਅਸਮਾਨ ਦੀ ਦਿੱਤੀ ਦਰ ਤੇ ਅਲਖ ਜਗਾ
ਸੀਖਾਂ ਵਿਚੋਂ ਜਦ ਤਕਿਆ ਸੇਰ ਨੇ ਖੜੀ ਸੁੰਦਰੀ ਏ ਕੋਈ ਆ
ਓਹਦੇ ਹੰਝੂ ਤਕ ਕੇ ਬੋਲਿਆ ਦੇਵੀ ਕੌਣ ਹੈ ਤੂੰ ਸਮਝਾ
ਤੇਰੀ ਹੋਵਣ ਵਾਲੀ ਨਾਰ ਹਾਂ ਮੇਰੇ ਦਿਲ ਦੇ ਸ਼ਹਿਨਸ਼ਾਹ

ਮੇਰੀਆਂ ਸਧਰਾਂ ਸੁਤੀਆਂ ਜਾਗੀਆਂ ਮੇਰਾ ਦਿਲ ਹੋਇਆ ਦਰਿਆ
ਮੈਂ ਲੜ ਨਹੀਂ ਤੇਰਾ ਛਡਣਾ ਮੈਨੂੰ ਕੱਲੀ ਛੱਡ ਕੇ ਨਾ ਜਾ
ਮੈਂ ਕਦ ਦੀ ਰਾਹ ਪਈ ਵੇਖਦੀ ਮੇਰੀ ਪ੍ਰੀਤ ਤੋੜ ਨਿਭਾ
ਸੁਣ ਭਾਰਤ ਮਾਂ ਦੇ ਲਾਲ ਨੇ ਅਗੋਂ ਕਿਹਾ ਸੁਣਾ
ਤੂੰ ਭੁੱਲੇ ਰਾਹ ਪਈ ਜਾਨੀਐ, ਕਿਸੇ ਦਿੱਤਾ ਭੁਲੇਖੇ ਪਾ
ਮੇਰੀ ਮੰਗਣੀ ਕਦ ਦੀ ਹੋ ਗਈ ਮੇਰੇ ਪੂਰੇ ਹੋ ਗਏ ਚਾ
ਅਜ ਲਗੇਗੀ ਮਹਿੰਦੀ ਰਾਤ ਨੂੰ ਸਿਹਰਾ ਦੇਸੀ ਰੂਪ ਚੜਾ
ਜੰਞ ਚੜੇਗੀ ਕਲ ਦੁਪਿਹਰ ਨੂੰ ਕਈ ਸਿਹਰਾ ਦੇਣਗੇ ਗਾ
ਮੇਰੇ ਸੋਹਣੇ ਵੀਰ ਪੰਜਾਬ ਦੇ ਮੈਨੂੰ ਹੱਥੀਂ ਲੈਣਗੇ ਚਾ
ਕਾਹਨੂੰ ਭੁਲ ਕੇ ਆਈਏ ਭੋਲੀਏ ਕਾਹਨੂੰ ਭਰਨੀਏਂ ਠੰਡੇ ਸਾਹ
ਉਹ ਕਿਹੜੀ ਕਰਮਾਂ ਵਾਲੜੀ ਜਿਸ ਤੈਨੂੰ ਲਿਆ ਭਰਮਾ
ਉਹਨੇ ਮੇਰਾ ਦਰਦ ਨਾ ਜਾਣਿਆ ਦਿੱਤਾ ਆਪਣਾ ਦਰਦ ਬੜਾ
ਮੇਰਾ ਜਾਏ ਸੁਹਾਗ ਕਿਉਂ ਲੁਟਿਆ ਦੱਸ ਮੇਰਾ ਕੀ ਗੁਨਾਹ
ਮੇਰੀ ਲਾੜੀ ਸੋਹਣੀ ਜਹਾਨ ਤੋਂ ਓਹਦੀ ਕੋਈ ਕੋਈ ਰਖਦਾ ਚਾਹ
ਏਹਨੇ ਖਿਚ ਲਏ ਕਈ ਜਵਾਨ ਤੇ ਬੜੇ ਬੜੇ ਸ਼ਹਿਨਸ਼ਾਹ
ਜਿਹਦੀ ਖਾਤਰ ਲਾਲਾ ਲਾਜਪਤ ਦਿੱਤੀ ਆਪਣੀ ਜਾਨ ਗਵਾ
ਜਿਹਦੀ ਖਾਤਰ ਵੀਰ ਸੁਭਾਸ਼ ਨੇ ਦਿੱਤੀ ਜੋਹਲੀ ਉਮਰ ਗਵਾ
ਨੀ ਮੈਂ ਖਾਤਰ ਆਪਣੇ ਦੇਸ਼ ਦੇ ਕਰ ਬੈਠਾਂ ਹਾਂ ਨੇਕ ਵਿਵਾਹ
ਵੇ ਤੂੰ ਲਾੜੀ ਮੌਤ ਨੂੰ ਸਮਝਿਆ ਦਿੱਤੀ ਮੇਰੀ ਜੋਤ ਬੁਝਾ
ਮੇਰੀ ਮਹਿੰਦੀ ਸੁੰਝੀ ਰਹਿ ਗਈ ਮੇਰੇ ਮਨੋਂ ਨਾ ਲਥਿਆ ਚਾ
ਮੈਂ ਹੱਥੀਂ ਚੂੜਾ ਨਾ ਵੇਖਿਆ ਮੇਰੇ ਨਵੇਂ ਨਵੇਂ ਸਨ ਚਾ
ਮੇਰੇ ਦਿਲ ਦੀਆਂ ਦਿਲ ਵਿਚ ਰਹਿ ਗਈਆਂ ਹੁਣ ਭਰਨੀ ਹਾਂ ਠੰਡੇ ਸਾਹ
ਮੇਰੀ ਸੋਹਣੀ ਜਵਾਨੀ ਦਿਆ ਮਾਲਕਾ ਮੈਨੂੰ ਆਪਣੇ ਨਾਲ ਲੈ ਜਾ
ਬਸ ਜਾਂਦੀ ਵਾਰੀ ਬੋਲਿਆ ਨਾ ਕਮਲੀਏ ਨੀਰ ਬਹਾ
ਅੱਜ ਜਾਣਾ ਤੇ ਫੇਰ ਨਹੀਂ ਆਵਣਾ ਤੂੰ ਅਖੀਂ ਵੇਖ ਲਿਆ
ਜਦ ਫੇਰ ਇਹ ਦੇਸ਼ ਅਜ਼ਾਦ ਹੋਵੇ ਅਸਾਂ ਫੇਰਾ ਦੇਣਾ ਪਾ

ਕਥਾਕਾਰ : ਤੇ ਫੇਰ ਇਸ ਮਹਾਨ ਸਪੂਤ ਨੂੰ ਫਾਂਸੀ ਚੜਾ ਦਿੱਤਾ ਜਾਂਦਾ ਹੈ। ਯਾਦ ਕਰਕੇ ਉਹ ਵੀਰ ਦੀ ਅੱਜ ਲੋਕੀ ਘੋੜੀ ਗਾ ਰਹੇ ਹਨ।

*(ਸ਼ੈਡੋ ਵਿਚ ਫਾਂਸੀ ਦਾ ਦ੍ਰਿਸ਼ ਵਿਖਾਇਆ ਜਾਂਦਾ ਹੈ)*

ਗੀਤਕਾਰ : ਦੂਜੇ ਦਿਨ ਉਸ ਵੀਰ ਨੂੰ ਦਿੱਤਾ ਫਾਂਸੀ ਤਖਤ ਚੜ੍ਹਾ
ਯਾਦ ਕਰ ਕਰ ਉਸ ਵੀਰ ਨੂੰ ਅੱਜ ਘੋੜੀ ਰਹੇ ਨੇ ਗਾ

ਕਥਾਕਾਰ : ਇਹ ਸੀ ਸਾਡਾ ਮਹਾਨ ਵਿਰਸਾ ਜਿਸ ਸਾਨੂੰ ਸੱਚ ਲਈ ਜੀਣਾ

ਦਸਿਆ ਸੱਚ ਲਈ ਮਰਨਾ ਦਸਿਆ। ਪਿਆਰ ਅਤੇ ਸਿਦਕ ਨਾਲ ਜੀਣ ਦੀ ਜਾਚ ਸਾਨੂੰ ਸਿਖਾਈ।

ਇਸ ਵਿਰਸੇ ਨੂੰ ਸਾਡਾ ਸਲਾਮ
ਇਸ ਵਿਰਸੇ ਨੂੰ ਸਾਡਾ ਪ੍ਰਣਾਮ